# 61

# ਸਲੀਬੀ ਮੌਤ ਵੱਲ ਲਿਜਾਣ ਵਾਲੇ ਕਦਮ

## (26:1-16)

ਬਹੁਤੀ ਸੰਭਾਵਨਾ ਹੈ ਕਿ 21:23–25:46 ਵਾਲੀਆਂ ਸਾਰੀਆਂ ਘਟਨਾਵਾਂ ਦੁੱਖ ਭੋਗਣ ਵਾਲੇ ਹਫ਼ਤੇ ਦੇ ਵੀਰਵਾਰ ਵਾਲੇ ਦਿਨ ਹੋਈਆਂ। ਆਪਣਾ ਸਾਹਮਣਾ ਕੀਤੇ ਜਾਣ ਤੇ ਯਿਸੂ ਵੱਲੋਂ ਆਪਣੇ ਆਲੋਚਕਾਂ ਨੂੰ ਜਵਾਬ ਦਿੰਦਿਆਂ ਹੈਕਲ ਵਿਚ ਉਪਦੇਸ਼ ਦਿੱਤਾ ਗਿਆ (21:23–22:46)। ਉਸ ਨੇ ਲੋਕਾਂ ਦੀ ਭੀੜ ਨੂੰ ਫ਼ਰੀਸੀਆਂ ਦੇ ਕਪਟ ਤੋਂ ਹੋਸ਼ਿਆਰ ਰਹਿਣ ਲਈ ਆਖਿਆ ਸੀ (23:1–39)। ਹੈਕਲ ਵਿੱਚੋਂ ਨਿੱਕਲ ਕੇ ਉਹ ਜੈਤੂਨ ਦੇ ਪਹਾੜ ਤੇ ਆਪਣੇ ਰਸੂਲਾਂ ਨਾਲ ਚਲਿਆ ਗਿਆ। ਉਸ ਨੇ ਉਨ੍ਹਾਂ ਨੂੰ ਯਰੂਸ਼ਲਮ ਦੀ ਬਰਬਾਦੀ ਬਾਰੇ ਅਤੇ ਅਕਾਸ਼ ਦੇ ਬੱਦਲਾਂ ਵਿਚ ਆਪਣੀ ਵਾਪਸੀ ਬਾਰੇ ਦੱਸਿਆ (24:1–25:46)। ਜੈਤੂਨ ਦੇ ਉਪਦੇਸ਼ ਦੇ ਖਾਤਮੇ ਨਾਲ ਯਿਸੂ ਦੀ ਆਮ ਸਿੱਖਿਆ ਦੇਣ ਦੀ ਗੱਲ ਦਾ ਪਤਾ ਲੱਗਾ। ਇਕ ਅਪਵਾਦ ਨਾਲ[1] ਅਧਿਆਇ 26 ਦੀਆਂ ਘਟਨਾਵਾਂ ਜ਼ਾਹਿਰ ਤੌਰ ਤੇ ਦੁੱਖ ਭੋਗਣ ਵਾਲੇ ਹਫ਼ਤੇ ਦੇ ਬੁੱਧਵਾਰ, ਵੀਰਵਾਰ ਅਤੇ ਸ਼ੁੱਕਰਵਾਰ ਵਾਲੇ ਦਿਨ ਹੋਈਆਂ। ਯਿਸੂ ਦੇ ਕਤਲ ਦੀ ਯਹੂਦੀ ਆਗੂਆਂ ਦੀ ਸਾਜ਼ਿਸ ਯਹੂਦਾ ਦੀ ਸਹਿਮਤੀ ਨਾਲ ਪ੍ਰਭੂ ਨੂੰ ਉਨ੍ਹਾਂ ਦੇ ਸਪੁਰਦ ਕਰਨ ਨਾਲ (26:1–5), ਬੁੱਧਵਾਰ ਵਾਲੇ ਦਿਨ ਹੋਈ ਹੋਵੇਗੀ (26:14–16)।

ਇਸ ਅਧਿਆਇ ਨਾਲ ਅਸੀਂ ਮੱਤੀ ਦੀ ਕਿਤਾਬ ਦੇ ਆਖ਼ਰੀ ਭਾਗ ਵਿਚ ਆ ਜਾਂਦੇ ਹਾਂ, ਜਿਸ ਵਿਚ ਮਸੀਹ ਦੀ ਮੌਤ ਅਤੇ ਦਫ਼ਨਾਏ ਜਾਣ ਅਤੇ ਜੀ ਉੱਠਣ ਦਾ ਵੇਰਵਾ ਹੈ (ਅਧਿਆਇ 26–28)। ਇਨ੍ਹਾਂ ਘਟਨਾਵਾਂ ਵਿਚ ਇੰਜੀਲ ਦਾ ਚਰਮ ਆ ਜਾਂਦਾ ਹੈ ਭਾਵ ਇਹ ਦੱਸਦਾ ਹੈ ਕਿ ਯਿਸੂ ਨੇ "ਪਾਪੀਆਂ ਨੂੰ ਉਨ੍ਹਾਂ ਦੇ ਪਾਪਾਂ ਤੋਂ ਬਚਾਉਣਾ" ਕਿਵੇਂ ਸੀ (1:21)। ਲਿਖਤ ਇਸ ਗੱਲ ਤੇ ਜ਼ੋਰ ਦਿੰਦੀ ਹੈ ਕਿ ਸਲੀਬ ਤੇ ਯਿਸੂ ਦੀ ਮੌਤ ਖ਼ੁਦਾ ਦੀ ਸਰੇਸ਼ਟ ਇੱਛਾ ਦੇ ਅਨੁਸਾਰ ਅਤੇ ਉਹ ਵੀ ਸਹੀ ਸਮੇਂ ਤੇ, ਯਿਸੂ ਨੇ ਸਲੀਬ ਨੂੰ ਵੇਦੀ ਬਣਾ ਕੇ ਜਿਸ ਉੱਤੇ ਉਸ ਨੇ ਸੰਸਾਰ ਦੇ ਪਾਪਾਂ ਲਈ ਆਪਣੇ ਆਪ ਨੂੰ ਕੁਰਬਾਨ ਕਰਨਾ ਸੀ, ਹਲੀਮੀ ਨਾਲ ਮਰਨ ਵਾਸਤੇ ਦੇ ਦਿੱਤਾ (26:2, 18, 54, 56)। ਖ਼ੁਦਾ ਦੀ ਸਨਾਤਨ ਮੰਸ਼ਾ ਦੇ ਵਿਚਾਰ ਨਾਲ, ਇਹ ਵਿਰਤਾਂਤ ਕਿਸੇ ਦੁਖਾਂਤ ਜਾਂ ਕਿਸੇ ਹਾਰ ਦਾ ਨਹੀਂ ਬਲਕਿ ਪੂਰਾ ਹੋਣ ਅਤੇ ਫ਼ਤਹਿ ਦਾ ਹੈ, ਇਹ ਯਿਸੂ ਦੇ ਫ਼ਤਹਿਮੰਦ ਜੀ ਉੱਠਣ ਤਕ ਪਹੁੰਚਣ ਤੋਂ ਵੀ ਪਹਿਲਾਂ ਦੀ ਕਹਾਣੀ ਹੈ।[2]

### #1: ਯਿਸੂ ਦੇ ਕਤਲ ਦੀ ਸਾਜ਼ਿਸ਼ (26:1-5)

**1ਐਉਂ ਹੋਇਆ ਕਿ ਜਾਂ ਯਿਸੂ ਇਹ ਸਾਰੀਆਂ ਗੱਲਾਂ ਕਰ ਹਟਿਆ ਤਾਂ ਆਪਣੇ ਚੇਲਿਆਂ ਨੂੰ ਆਖਿਆ, 2ਤੁਸੀਂ ਜਾਣਦੇ ਹੋ ਜੋ ਦੋਹੁੰ ਦਿਨਾਂ ਦੇ ਪਿੱਛੋਂ ਪਸਾਹ ਦਾ ਤਿਉਹਾਰ ਹੋਵੇਗਾ ਅਤੇ ਮਨੁੱਖ ਦਾ ਪੁੱਤਰ ਸਲੀਬ ਦਿੱਤੇ ਜਾਣ ਲਈ ਫੜਵਾਇਆ ਜਾਵੇਗਾ।**

**3ਤਦ ਪ੍ਰਧਾਨ ਜਾਜਕ ਅਤੇ ਲੋਕਾਂ ਦੇ ਬਜ਼ੁਰਗ ਕਯਾਫ਼ਾ ਨਾਮੇ ਸਰਦਾਰ ਜਾਜਕ ਦੇ ਵਿਹੜੇ ਵਿਚ ਇੱਕਠੇ ਹੋਏ। 4ਅਰ ਮਤਾ ਪਕਾਇਆ ਜੋ ਯਿਸੂ ਨੂੰ ਛਲ ਨਾਲ ਫੜ ਕੇ ਮਾਰ ਸੁੱਟੀਏ। 5ਪਰ ਉਨ੍ਹਾਂ ਆਖਿਆ ਜੋ ਤਿਉਹਾਰ ਦੇ ਦਿਨ ਨਹੀਂ, ਕਿਤੇ ਲੋਕਾਂ ਵਿਚ ਬਲਵਾ ਨਾ ਹੋ ਜਾਏ।**

**ਆਇਤ 1. ਜਾਂ ਯਿਸੂ ਇਹ ਸਾਰੀਆਂ ਗੱਲਾਂ ਕਰ ਹਟਿਆ।** ਯਿਸੂ ਦੀਆਂ ਸਿੱਖਿਆਂਵਾਂ ਤੇ ਭਾਗਾਂ ਨੂੰ ਖ਼ਤਮ ਕਰਨ ਲਈ ਮੱਤੀ ਵੱਲੋਂ ਬਾਰ ਬਾਰ ਵਰਤੀ ਗਈ ਅਭਿਵਿਅਕਤੀ ਹੈ (7:28; 11:1; 13:53; 19:1)। ਇੱਥੇ ਗ੍ਰੰਥੀਆਂ ਅਤੇ ਫ਼ਰੀਸੀਆਂ ਨੂੰ ਝਿੜਕਣ (ਅਧਿਆਇ 23) ਅਤੇ ਜੈਤੂਨ ਦੇ ਉਪਦੇਸ਼ (ਅਧਿਆਇ 24; 25) ਦੀ ਸਿੱਖਿਆ ਨੂੰ ਇਕ ਭਾਗ ਵਿਚ ਇਕੱਠੇ ਰੱਖਿਆ ਗਿਆ ਹੈ। ਵਿਸ਼ੇਸ਼ਣ ਸ਼ਬਦ **ਸਾਰੀਆਂ** ਦੀ ਵਰਤੋਂ ਸੰਭਵ ਤੌਰ ਤੇ ਅਧਿਆਇ 23–25 ਵਿਚ ਕਹੀਆਂ ਗਈਆਂ ਯਿਸੂ ਦੀਆਂ ਸਭ ਗੱਲਾਂ ਲਈ ਹੈ। ਇਹ ਇਸ ਗੱਲ ਵੱਲ ਵੀ ਧਿਆਨ ਦੁਆਉਂਦਾ ਹੈ ਕਿ ਯਿਸੂ ਨੇ ਸਿਖਾਉਣ ਦੀ ਆਪਣੀ ਸੇਵਕਾਈ ਬੰਦ ਕਰ ਦਿੱਤੀ ਸੀ।

**ਆਇਤ 2.** ਆਪਣੀ ਸਿੱਖਿਆ ਮੁਕਾਉਣ ਦੇ ਨਾਲ ਯਿਸੂ ਨੇ ਚੌਥੀ (ਅਤੇ ਆਖਰੀ) ਵਾਰ ਆਪਣੇ ਰਸੂਲਾਂ ਨੂੰ ਆਪਣੀ ਆਉਣ ਵਾਲੀ ਮੌਤ ਬਾਰੇ ਦੱਸਿਆ (ਵੇਖੋ 16:21; 17:22, 23; 20:17–19)। **ਪਸਾਹ** ਦੇ ਭੋਜ ਵਾਲੀ ਰਾਤ, ਜੋ ਕਿ ਸਿਰਫ਼ **ਦੋਹੁੰ ਦਿਨਾਂ ਦੇ** ਬਾਅਦ ਆਉਣ ਵਾਲੀ ਸੀ, ਉਸ ਨੇ **ਸਲੀਬ ਦਿੱਤੇ ਜਾਣਾ** ਸੀ। ਯਿਸੂ ਨੂੰ ਪਤਾ ਸੀ ਕਿ ਯਹੂਦੀ ਆਗੂ ਉਸ ਦੀ ਜਾਨ ਲੈਣ ਦੀਆਂ ਚਾਲਾਂ ਚੱਲ ਰਹੇ ਹਨ ਅਤੇ ਉਸ ਨੇ ਸਮਝ ਲਿਆ ਸੀ ਕਿ ਪਿਤਾ ਦੀ ਛੁਟਕਾਰੇ ਦੀ ਯੋਜਨਾ ਨੂੰ ਪੂਰਾ ਕਰਨ ਦਾ ਉਸ ਦਾ ਸਮਾਂ ਆ ਪੁੱਜਾ ਸੀ (26:18)।

**ਆਇਤ 3.** ਯਿਸੂ ਦੇ ਆਪਣੇ ਰਸੂਲਾਂ ਨੂੰ ਸਿਰ ਤੇ ਆਈ ਆਪਣੀ ਮੌਤ ਦੀ ਗੱਲ ਦੱਸਣ ਦੌਰਾਨ ਯਹੂਦੀ ਆਗੂ ਯੋਜਨਾਵਾਂ ਬਣਾ ਰਹੇ ਸਨ ਕਿ ਉਹ ਘੱਟੋ ਘੱਟ ਗੜਬੜ ਨਾਲ ਉਸ ਨੂੰ ਕਿਵੇਂ ਹੱਥ ਪਾ ਸਕਦੇ ਸਨ। **ਕਯਾਫ਼ਾ** ਦੇ ਮਹਿਲ ਵਿਚ ਉਨ੍ਹਾਂ ਦੀ ਸਭਾ ਖੁੱਲ੍ਹੇ ਵਿਹੜੇ (*aule*) ਵਿਚ ਹੋਈ ਹੋਵੇਗੀ। ਜਿਸ ਦੇ ਆਲੇ ਦੁਆਲੇ ਮਹਿਲ ਦੀਆਂ ਇਮਾਰਤਾਂ ਬਣੀਆਂ ਸਨ। ਪਰ *aule* ਦੀ ਵਰਤੋਂ ਕਈ ਵਾਰ ਮਹਿਲ ਦੇ ਉਸਾਰੇ ਲਈ ਕੀਤੀ ਗਈ ਹੈ।[3] ਜ਼ਿਆਦਾਤਰ ਅੰਗ੍ਰੇਜ਼ੀ ਅਨੁਵਾਦਾਂ ਵਿਚ ਮਹਿਲ ਦੇ ਵਿਸਤਾਰ ਦਾ ਪੱਖ ਲਿਆ ਜਾਂਦਾ ਹੈ।

ਇਹ ਮਹਾਂਸਭਾ ਦੀ ਕੋਈ ਅਧਿਕਾਰਿਕ ਸਭਾ ਨਹੀਂ ਬਲਕਿ ਇਕ ਰਵਾਇਤੀ ਇਕੱਠਾ ਹੋਣਾ ਸੀ। **ਪ੍ਰਧਾਨ ਜਾਜਕ ਅਤੇ ਲੋਕਾਂ ਦੇ ਬਜ਼ੁਰਗ** ਦਾ ਨਾਂਅ ਦਾ ਦਿੱਤਾ ਗਿਆ ਹੈ ਪਰ ਤੀਜੀ ਜਮਾਤ, ਗ੍ਰੰਥੀਆਂ ਦਾ ਕੋਈ ਜ਼ਿਕਰ ਨਹੀਂ ਹੈ ਜੋ ਇਸ ਸੰਗਠਨ ਦਾ ਹਿੱਸਾ ਸਨ (16:21 ਤੇ ਟਿੱਪਣੀਆਂ ਵੇਖੋ)। ਲਿਓਨ ਮੌਰਿਸ ਨੇ ਲਿਖਿਆ ਹੈ ਕਿ ਗ੍ਰੰਥੀਆਂ ਅਤੇ ਫ਼ਰੀਸੀਆਂ ਦਾ ਨਾ ਹੋਣਾ ਇਸ ਗੱਲ ਦਾ ਸੰਕੇਤ ਹੈ ਕਿ ਯਿਸੂ ''ਦਾ ਸਭ ਤੋਂ ਵੱਧ ਵਿਰੋਧ ਕੁਲੀਨ ਯਹੂਦੀ ਤੰਤਰ ਭਾਵ ਉਨ੍ਹਾਂ ਲੋਕਾਂ ਵੱਲੋਂ ਕੀਤਾ ਗਿਆ ਜਿਨ੍ਹਾਂ ਨੂੰ ਸਿਆਸੀ ਹਕੀਕਤਾਂ ਵਿਚ ਅਤੇ ਰੋਮੀ ਹਾਕਮ ਬਣਨ ਵਿਚ ਦਿਲਚਸਪੀ ਸੀ।''[4]

ਪ੍ਰਧਾਨ ਯਾਜਕ ਦਾ ਅਹੁਦਾ ਮੂਲ ਵਿਚ ਹਾਰੂਨ ਦੀ ਸੰਤਾਨ ਦੇ ਸਭ ਤੋਂ ਵੱਡੇ ਪੁੱਤਰ ਨੂੰ ਦਿੱਤਾ ਜਾਂਦਾ ਸੀ, ਪਰ ਮਸੀਹ ਦੇ ਸਮੇਂ ਤਕ ਇਹ ਅਹੁਦਾ ਯਾਜਕਾਂ ਵਿਚ ਸਭ ਤੋਂ ਉੱਚੀ ਬੋਲੀ ਲਾਉਣ ਵਾਲੇ ਨੂੰ ਮਿਲਦਾ ਸੀ।[5] 37 ਈ.ਪੂ. ਤੋਂ 67 ਈਸਵੀ ਤਕ ਘੱਟੋ ਘੱਟ ਉਸ ਉੱਤੇ ਅਠਾਈ ਜਣਿਆਂ ਨੇ ਕੰਮ ਕੀਤਾ ਸੀ।[6] ਅੰਨਾਸ ਨੂੰ ਸੀਰੀਆ ਦੇ ਹਾਕਿਮ ਕੁਰੇਨਿਉਸ ਵੱਲੋ ਥਾਪਿਆ ਗਿਆ ਸੀ[7] ਅਤੇ ਉਸਦਾ ਇਹ ਅਹੁਦਾ 6–15 ਈਸਵੀ ਤਕ ਰਿਹਾ। ਉਸ ਨੂੰ ਹਾਕਮ ਵਲੇਰਿਉਸ ਗ੍ਰੇਟੁਸ ਵੱਲੋਂ ਜੋ ਕਿ ਪੁੰਤਿਉਸ ਪਿਲਾਤੁਸ ਦੀ ਥਾਂ ਗੱਦੀ ਤੇ ਬੈਠਾ ਸੀ, ਅਹੁਦੇ ਤੋਂ ਲਾਹ ਦਿੱਤਾ ਗਿਆ। ਅੰਨਾਸ ਦੇ ਪੰਜ ਪੁੱਤਰ ਏਲੀਯਾਜ਼ਾਰ, ਯੋਨਾਥਾਨ, ਥਿਉਫ਼ਿਲੁਸ, ਮੱਥਿਆਸ, ਅਤੇ ਅਨਾਨੁਸ ਵੀ ਪਹਿਲੀ ਸਦੀ ਵਿਚ ਵੱਖੋ ਵੱਖ ਸਮਿਆਂ ਤੇ ਇਸ ਗੱਦੀ ਤੇ ਬੈਠੇ ਸਨ। ਅੰਨਾਸ ਨੂੰ ਯਹੂਦੀਆਂ ਵੱਲੋਂ ਉਸ ਦੀ ਆਪਣੀ ਲੰਮੀ ਉਮਰ ਵਿਚ ਬਾਅਦ ਵਿਚ ਸਹੀ ਪ੍ਰਾਧਨ ਯਾਜਕ ਮੰਨਿਆ ਗਿਆ ਸੀ।[8]

ਅੰਨਾਸ ਦੇ ਜਵਾਈ ਕਯਾਫ਼ਾ (ਯੂਹੰਨਾ 18:13) ਨੂੰ ਵਲੇਰਿਉਸ ਗ੍ਰੇਟੁਸ ਵੱਲੋਂ ਈਸਵੀ 18 ਵਿਚ ਪ੍ਰਾਧਨ ਯਾਜਕ ਥਾਪਿਆ ਗਿਆ ਸੀ। ਉਹ ਈਸਵੀ 36 ਤਕ ਇਸ ਅਹੁਦੇ ਤੇ ਮੰਨਿਆ ਗਿਆ, ਜਦ ਪੁੰਤਿਉਸ ਪਿਲਾਤੁਸ ਦੀ ਥਾਂ ਗੱਦੀ ਤੇ ਬੈਠਣ ਵਾਲੇ ਉਥੇਰਿਉਸ ਵੱਲੋਂ ਉਸ ਨੂੰ ਗੱਦੀ ਤੋਂ ਲਾਹ ਦਿੱਤਾ

ਗਿਆ।[9] ਉਸ ਦਾ ਕਾਰਜ ਕਾਲ ਅਨੋਖੇ ਢੰਗ ਨਾਲ ਬਹੁਤ ਲੰਮਾ ਸੀ। ਕਯਾਫ਼ਾ ਨੂੰ ਅਧਿਕਾਰੀਆਂ ਵੱਲੋਂ ਮਾਹਾਂਯਾਜਕ ਮੰਨਿਆ ਜਾਂਦਾ ਸੀ। ਪਰ ਯਹੂਦੀਆਂ ਵੱਲੋਂ ਅਜੇ ਵੀ ਅੰਨਾਸ ਦੇ ਇਖ਼ਤਿਆਰ ਨੂੰ ਹੀ ਮੰਨਿਆ ਜਾਂਦਾ ਸੀ (ਲੂਕਾ 3:2; ਰਸੂਲਾਂ ਦੇ ਕੰਮ 4:6)।

1990 ਵਿਚ ਮਜ਼ਦੂਰਾਂ ਨੂੰ ਯਰੂਸ਼ਲਮ ਵਿਚ ਇਕ ਪੁਰਾਣੀ ਕਬਰ ਦੀ ਗੁਫ਼ਾ ਮਿਲੀ ਜਿਸ ਵਿਚ ਕਈ ਅਸਥੀ ਪਾਤਰ (ਜਾਂ ਹੱਡੀਆਂ ਦੀਆਂ ਡੱਬੀਆਂ) ਸਨ। ਸਭ ਤੋਂ ਵੱਡੇ ਪਾਤਰ ਵਿਚ ਇਕ ਸ਼ਿਲਾਲੇਖ ਸੀ ਜਿਸ ਉੱਤੇ ਲਿਖਿਆ ਹੈ ''ਕਯਾਫ਼ਾ ਦਾ ਪੁੱਤਰ ਯੂਸੁਫ਼।'' ਇਸ ਵਿਚ ਸੱਠ ਕੁ ਸਾਲ ਦੀ ਉਮਰ ਵਿਚ ਮਰਨ ਵਾਲੇ ਇਕ ਬੰਦੇ ਸਣੇ ਛੇ ਜਣਿਆਂ ਦੀਆਂ ਹੱਡੀਆਂ ਸਨ। ਜੋਸੇਫ਼ਸ ਨੇ ਪ੍ਰਧਾਨ ਯਾਜਕ ਨੂੰ ''ਯੂਸੁਫ਼ ਕਯਾਫ਼ਾ'' ਦੱਸਿਆ ਹੈ।[10] ਇਸ ਕਰਕੇ ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਅਸਥੀ ਪਾਤਰ ਅਤੇ ਅਸਥੀਆਂ ਉਸੇ ਦੀਆਂ ਹੀ ਸਨ।[11]

**ਆਇਤ 4.** ਕਯਾਫ਼ਾ ਦੇ ਮਹਿਲ ਵਿਚ ਸਭਾ ਕਰਦਿਆਂ ਪ੍ਰਧਾਨ ਯਾਜਕਾਂ ਅਤੇ ਲੋਕਾਂ ਦੇ ਬਜ਼ੁਰਗਾਂ ਨੇ **ਮਤਾ ਪਕਾਇਆ ਜੋ ਯਿਸੂ ਨੂੰ ਛਲ ਨਾਲ ਫੜ ਕੇ ਮਾਰ ਸੁੱਟੀਏ।** ਯਿਸੂ ਨੂੰ ਮਾਰ ਸੁੱਟਣ ਦਾ ਉਨ੍ਹਾਂ ਦਾ ਫੈਸਲਾ ਹੁਣੇ ਹੁਣੇ ਨਹੀਂ ਲਿਆ ਗਿਆ ਸੀ ਬਲਕਿ ਇਹ ਬਹੁਤ ਪਹਿਲਾਂ ਤਹਿ ਕਰ ਲਿਆ ਗਿਆ ਸੀ (12:14; 21:38, 45, 46; ਯੂਹੰਨਾ 5:18; 7:1, 19, 25; 8:37, 40; 11:53)। ਉਨ੍ਹਾਂ ਨੇ ਫੈਸਲਾ ਲੈ ਲਿਆ ਸੀ ਕਿ ਉਸ ਨੂੰ ਕਿਵੇਂ ਗਿਰਫ਼ਤਾਰ ਕਰਨਾ ਹੈ ਅਤੇ ਕਿਵੇਂ ਮੌਤ ਦੇਣੀ ਹੈ। ''ਛਲ'' (*dolos*) ਸ਼ਬਦ ਤੋਂ ਭਾਵ ਆਮ ਤੌਰ ਤੇ ''ਧੋਖਾ,'' ਜਾਂ ''ਚਲਾਕੀ'' ਹੁੰਦਾ ਹੈ। NIV ਵਿਚ ਇਸ ਦਾ ਅਨੁਵਾਦ ''ਕਿਸੇ ਗੁਪਤ ਢੰਗ ਨਾਲ'' ਕੀਤਾ ਗਿਆ ਹੈ ਜਦਕਿ NKJV ਵਿਚ ''ਚਲਾਕੀ ਨਾਲ ਹੈ।'' ਯਿਸੂ ਦੀ ਗ੍ਰਿਫ਼ਤਾਰੀ ਉਸ ਦੇ ਚੇਲਿਆਂ ਵਿੱਚੋਂ ਇਕ ਯਹੂਦਾ ਦੇ ਵਿਸਵਾਸਘਾਤ ਨਾਲ ਪੂਰੀ ਹੋਈ (26:14–16, 47–56)।

**ਆਇਤ 5.** ਯਹੂਦੀ ਆਗੂਆਂ ਨੂੰ ਪਤਾ ਸੀ ਕਿ ਉਹ ਉਸ ਨੂੰ **ਬਲਵਾ** ਕੀਤੇ ਬਗੈਰ ਆਮ ਲੋਕਾਂ ਵਿੱਚੋਂ ਨਹੀਂ ਲਿਜਾ ਸਕਦੇ, ਜਿਸ ਕਰਕੇ ਉਨ੍ਹਾਂ ਨੇ ਉਸ ਨੂੰ ਫੜ੍ਹਨ ਦੀ ਸਾਜ਼ਿਸ ਬੜੇ ਹੀ ਗੁਪ–ਚੁੱਪ ਤਰੀਕੇ ਨਾਲ ਕੀਤੀ। ਸੁਝਾਅ ਦਿੱਤਾ ਗਿਆ ਹੈ ਕਿ **ਤਿਉਹਾਰ ਦੇ ਦਿਨ ਨਹੀਂ** ਵਾਕਅੰਸ਼ ਤੋਂ ਭਾਵ ਹੈ ਕਿ ''ਪਸਾਹ ਦੀਆਂ ਭੀੜਾਂ ਦੇ ਸਾਹਮਣੇ ਨਹੀਂ''[12] (ਵੇਖੋ ਲੂਕਾ 22:6)। ਆਖ਼ਰ ਜੇ ਯਹੂਦੀ ਆਗੂ ਯਿਸੂ ਨੂੰ ਫ਼ੜਨ ਲਈ ਤਿਉਹਾਰ ਤਕ ਉਡੀਕ ਕਰਦੇ ਰਹਿੰਦੇ ਤਾਂ ਮੌਕਾ ਉਨ੍ਹਾਂ ਹੱਥੋਂ ਨਿੱਕਲ ਸਕਦਾ ਸੀ ਕਿਉਂ ਜੋ ਉਹ ਉਨ੍ਹਾਂ ਦੀ ਪਕੜ ਤੋਂ ਬਚ ਕੇ ਗਲੀਲ ਵਿਚ ਚਲਿਆ ਜਾਂਦਾ।

ਪਸਾਹ ਵੇਲੇ ਯਹੂਦੀ ਲੋਕ ਆਪਣੀਆਂ ਕੌਮੀ ਉਮੀਦਾਂ ਨਾਲ ਯਰੂਸ਼ਲਮ ਵਿਚ ਜਮ੍ਹਾਂ ਹੁੰਦੇ ਅਤੇ ਮਸੀਹਾ ਦੇ ਸਬੰਧ ਵਿਚ ਉਨ੍ਹਾਂ ਦੀਆਂ ਆਸਾਂ ਬਹੁਤ ਵਧ ਜਾਂਦੀਆਂ। ਤਿਉਹਾਰ ਮੂਸਾ ਦੇ ਸਮੇਂ ਮਿਸਰ ਦੀ ਗੁਲਾਮੀ ਵਿੱਚੋਂ ਇਸਰਾਏਲ ਨੂੰ ਛੁਡਾਏ ਜਾਣ ਦੀ ਯਾਦ ਦੁਆਉਂਦਾ ਸੀ। ਪਹਿਲੀ ਸਦੀ ਵਿਚ ਬਹੁਤ ਸਾਰੇ ਯਹੂਦੀ ਲੋਕ ਮਸੀਹਾ ਦੀ ਰਾਹ ਤਕ ਰਹੇ ਸਨ ਕਿ ਉਹ ਆ ਕੇ ਉਨ੍ਹਾਂ ਨੂੰ ਰੋਮੀ ਜ਼ੁਲਮ ਤੋਂ ਛੁਡਾਵੇਗਾ ਅਤੇ ਰਾਜ ਕਰੇਗਾ। ਉਹ ਆਪਣੀ ਕੌਮ ਦੀ ਅਜ਼ਾਦੀ ਨੂੰ ਫੇਰ ਤੋਂ ਭਾਵ ਦਾਊਦ ਵਰਗੀ ਹਕੂਮਤ ਆਪਣੇ ਉੱਤੇ ਚਾਹੁੰਦੇ ਸਨ। ਇਨ੍ਹਾਂ ਵਿੱਚੋਂ ਕੁਝ ਯਹੂਦੀਆਂ ਨੂੰ ਆਸ ਸੀ ਕਿ ਯਿਸੂ ਉਨ੍ਹਾਂ ਨੂੰ ਜਿੱਤ ਦੁਆਏਗਾ ਜਿਵੇਂ ਫ਼ਤਹਿਮੰਦ ਦਾਖਲੇ ਵਿਚ ਉਨ੍ਹਾਂ ਦੇ ਰੌਲਾ ਪਾਉਣ ਤੋਂ ਪਤਾ ਲਗਦਾ ਹੈ (21:9 ਤੇ ਟਿੱਪਣੀਆਂ ਵੇਖੋ)। ਯਹੂਦੀ ਆਗੂਆਂ ਲਈ ਪਸਾਹ ਦੇ ਇਸ ਭੀੜ ਵਿਚ ਬਲਵੇ ਤੋਂ ਬਚਣਾ ਜ਼ਰੂਰੀ ਸੀ।

## #2: ਯਿਸੂ ਦਾ ਮਸਹ ਕੀਤਾ ਜਾਣਾ (26:6-13)

**[6]ਅਤੇ ਜਾਂ ਯਿਸੂ ਬੈਤਅਨੀਆ ਵਿਚ ਸ਼ਮਊਨ ਕੋੜ੍ਹੀ ਦੇ ਘਰ ਸੀ। [7]ਤਾਂ ਇਕ ਤੀਵੀਂ ਮਹਿੰਗ ਮੁੱਲਾ ਅਤਰ ਸ਼ੀਸ਼ੀ ਵਿਚ ਉਹ ਦੇ ਕੋਲ ਲਿਆਈ ਅਰ ਜਿਸ ਵੇਲੇ ਉਹ ਰੋਟੀ ਖਾਣ ਬੈਠਾ ਹੋਇਆ ਸੀ ਉਹ**

**ਦੇ ਸਿਰ ਉੱਤੇ ਡੋਹਲ ਦਿੱਤਾ। 8ਪਰ ਚੇਲੇ ਇਹ ਵੇਖ ਕੇ ਖਿਝ ਗਏ ਅਤੇ ਬੋਲੇ, ਇਹ ਨੁਕਸਾਨ ਕਾਹਨੂੰ**
**ਹੋਇਆ? 9ਕਿਉਂ ਜੋ ਹੋ ਸਕਦਾ ਸੀ ਜੋ ਇਹ ਵੱਡੇ ਮੁੱਲ ਨੂੰ ਵਿਕਦਾ ਅਤੇ ਕੰਗਾਲਾਂ ਨੂੰ ਦਿੱਤਾ ਜਾਂਦਾ।**
**10ਪਰ ਯਿਸੂ ਨੇ ਇਹ ਜਾਣ ਕੇ ਉਨ੍ਹਾਂ ਨੂੰ ਆਖਿਆ, ਇਸ ਤੀਵੀਂ ਨੂੰ ਕਿਉਂ ਔਖਿਆਂ ਕਰਦੇ ਹੋ? ਕਿਉਂ**
**ਜੋ ਉਹਨੇ ਮੇਰੇ ਨਾਲ ਚੰਗਾ ਵਰਤਾਵਾ ਕੀਤਾ ਹੈ। 11ਕੰਗਾਲ ਤਾਂ ਸਦਾ ਤੁਹਾਡੇ ਨਾਲ ਹਨ ਪਰ ਮੈਂ ਸਦਾ**
**ਤੁਹਾਡੇ ਨਾਲ ਨਹੀਂ ਹਾਂ। 12ਇਹ ਅਤਰ ਜੋ ਉਸ ਨੇ ਮੇਰੀ ਦੇਹੀ ਉੱਤੇ ਪਾਇਆ ਸੋ ਮੇਰੇ ਕਫ਼ਨਾਉਣ**
**ਦਫ਼ਨਾਉਣ ਲਈ ਕੀਤਾ ਹੈ। 13ਮੈਂ ਤੁਹਾਨੂੰ ਸੱਚ ਆਖਦਾ ਹਾਂ ਜੋ ਸਾਰੇ ਸੰਸਾਰ ਵਿਚ ਜਿੱਥੇ ਕਿਤੇ ਇਸ ਖ਼ੁਸ਼**
**ਖ਼ਬਰੀ ਦਾ ਪ੍ਰਚਾਰ ਹੋਵੇਗਾ ਉੱਥੇ ਇਹ ਵੀ ਜੋ ਉਹਨੇ ਕੀਤਾ ਹੈ ਉਹਦੀ ਯਾਦਗਾਰੀ ਲਈ ਕਿਹਾ ਜਾਵੇਗਾ।**

**ਆਇਤ 6.** ਇੰਜੀਲ ਦੇ ਮੱਤੀ ਦੇ ਵਿਰਤਾਂਤ ਵਿਚ ਯਿਸੂ ਦੇ ਦਿਨਾਂ ਨੂੰ ਹਮੇਸ਼ਾ ਕਾਲਕ੍ਰਮ ਵਿਚ ਨਹੀਂ ਦਿੱਤਾ ਗਿਆ। ਇੱਥੇ ਉਹ ਉਨ੍ਹਾਂ ਘਟਨਾਵਾਂ ਨੂੰ ਸਮਝਾਉਣ ਲਈ ਵਿਸਤਾਰ ਦਿੰਦਾ ਹੈ ਜਿਹੜੀਆਂ ਕੁਝ ਦਿਨ ਪਹਿਲਾਂ ਵਾਪਰੀਆਂ ਸਨ। **ਯਿਸੂ ਬੈਤਅਨੀਆ** ਵਿਚ ਆਇਆ ਸੀ (21:17 ਤੇ ਟਿੱਪਣੀਆਂ ਵੇਖੋ)। ਉਹ ''ਪਸਾਹ ਤੋਂ ਛੇ ਦਿਨ ਪਹਿਲਾਂ'' ਆ ਗਿਆ ਸੀ ਅਤੇ ''ਉੱਥੇ ਉਨ੍ਹਾਂ ਉਸ ਦੇ ਲਈ ਭੋਜਨ ਤਿਆਰ ਕੀਤਾ'' ਸੀ (ਯੂਹੰਨਾ 12:1, 2; ਵੇਖੋ 26:2)। ਇਹ ਭੋਜਨ ਸਨਿੱਚਰਵਾਰ ਸ਼ਾਮ ਨੂੰ (ਜੋ ਯਹੂਦੀ ਗਣਨਾ ਮੁਤਾਬਿਕ ਐਤਵਾਰ ਦਾ ਸ਼ੁਰੂ ਸੀ) ਅਤੇ ਅਗਲੇ ਦਿਨ ਫ਼ਤਹਿਮੰਦ ਦਾਖ਼ਲੇ ਤੋਂ ਪਹਿਲਾਂ ਹੋਇਆ ਹੋਵੇਗਾ (21:1 ਤੇ ਟਿੱਪਣੀਆਂ ਵੇਖੋ)।

ਇਸ ਭੋਜਨ ਵਿਚ ਘੱਟੋ ਘੱਟ ਸਤਾਰਾਂ ਜਣੇ ਸਨ। ਯਿਸੂ ਬਾਰ੍ਹਾਂ ਰਸੂਲਾਂ, ਲਾਜ਼ਰ ਅਤੇ ਉਸ ਦੀਆਂ ਭੈਣਾਂ ਮਰੀਅਮ ਅਤੇ ਮਾਰਥਾ ਦੇ ਨਾਲ ਉੱਥੇ ਸੀ। ਮੇਜ਼ਬਾਨ **ਸ਼ਮਊਨ** ਜਿਸ ਨੂੰ **ਕੋੜ੍ਹੀ** ਆਖਿਆ ਗਿਆ ਹੈ, ਉੱਥੇ ਸੀ। ਉਸ ਨੂੰ ਯਿਸੂ ਨੇ ਕੋੜ੍ਹ ਤੋਂ ਚੰਗਾ ਕਰ ਦਿੱਤਾ ਹੋਵੇਗਾ, ਨਹੀਂ ਤਾਂ ਉਹ ਸਮਾਜ ਤੋਂ ਅੱਡ ਰਹਿ ਰਿਹਾ ਹੋਣਾ ਸੀ, ਜਿਵੇਂ ਕਿ ਸ਼ਰ੍ਹਾ ਵਿਚ ਕੋੜ੍ਹੀਆਂ ਨੂੰ ਹੁਕਮ ਸੀ (ਲੇਵੀਆਂ ਦੀ ਪੋਥੀ 13:45, 46)। ਉਸ ਨੇ ਆਪਣੀ ਚੰਗਿਆਈ ਦੀ ਸ਼ੁਕਰਗੁਜ਼ਾਰੀ ਵਿਚ ਇਹ ਭੋਜਨ ਦਿੱਤਾ ਹੋ ਸਕਦਾ ਹੈ। ਅੰਦਾਜ਼ਾ ਲਾਇਆ ਜਾਂਦਾ ਹੈ ਕਿ ਉਹ ਯਿਸੂ ਦੇ ਤਿੰਨ ਦੋਸਤਾਂ ਦਾ ਪਿਤਾ ਸੀ।[13] ਅਤੇ ਲਾਜ਼ਰ ਦੀ ਜਾਨ ਉਸ ਵਿਚ ਆਉਣ ਲਈ ਆਪਣੀ ਬੇਹੱਦ ਸ਼ੁਕਰਗੁਜ਼ਾਰੀ ਵੀ ਵਿਖਾ ਰਿਹਾ ਸੀ।

**ਆਇਤ 7.** ਮੱਤੀ ਅਤੇ ਮਰਕੁਸ ਭਾਵੇਂ **ਤੀਵੀਂ** ਦੀ ਪਛਾਣ ਨਹੀਂ ਦਸਦੇ ਪਰ ਯੂਹੰਨਾ 12:3 ਸੰਕੇਤ ਦਿੰਦਾ ਹੈ ਕਿ ਇਹ ਲਾਜ਼ਰ ਦੀ ਭੈਣ ਮਰੀਅਮ ਸੀ। ਮਰੀਅਮ **ਮਹਿੰਗ ਮੁੱਲਾ ਅਤਰ ਸ਼ੀਸ਼ੀ ਵਿਚ** ਯਿਸੂ ਕੋਲ ਲੈ ਕੇ ਆਈ। ''ਸ਼ੀਸ਼ੀ'' (*alabastros*) ਸੁਰਾਹੀਨੁਮਾ ''ਬੋਤਲ'' ਹੋਵੇਗੀ (NKJV)। ਇਹ ਸ਼ੀਸ਼ੀ ਪੱਥਰ ਤੇ ਕੀਤੀ ਗਈ ਵਧੀਆ ਕਾਰੀਗਰੀ ਵਾਲੀ ਸੀ ਅਤੇ ਇਸ ਵਿਚ ਭਾਰਤ ਵਿਚ ਮਿਲਣ ਵਾਲੇ ਜਟਾਮਾਸੀ ਦੇ ਬੂਟਿਆਂ ਦੀਆਂ ਜੜ੍ਹਾਂ ਵਿੱਚੋਂ ਨਿੱਕਲਿਆ ਤੇਲ ''ਅੱਧ ਸੇਰ ਮਹਿੰਗ ਮੁੱਲਾ ਜਟਾਮਾਸੀ ਦਾ ਖਰਾ ਅਤਰ'' (ਯੂਹੰਨਾ 12:3; NIV) ਸੀ।[14] ਮਰਕੁਸ 14:5 ਕਹਿੰਦਾ ਹੈ ਕਿ ''ਇਹ ਅਤਰ ਡੂਢ ਸੌ ਰੁਪਏ ਤੋਂ ਵਧੀਕ ਨੂੰ ਵਿਕਦਾ।'' ਐਨੀਂ ਰਕਮ ਇਕ ਮਜ਼ਦੂਰ ਦੀ ਪੂਰੇ ਸਾਲ ਦੀ ਕਮਾਈ ਦੇ ਬਰਾਬਰ ਹੋਣੀ ਸੀ (18:28; 20:2; 22:19 ਤੇ ਟਿੱਪਣੀਆਂ ਵੇਖੋ)।

ਉਸ ਸ਼ੀਸ਼ੀ ਦਾ ਮੂੰਹ ਤੋੜਨ ਦੇ ਬਾਅਦ (ਮਰਕੁਸ 14:3), **ਜਿਸ ਵੇਲੇ ਉਹ ਰੋਟੀ ਖਾਣ ਬੈਠਾ ਹੋਇਆ ਸੀ।** ਉਸ ਔਰਤ ਨੇ *[ਅਤਰ]* **ਉਹ ਦੇ ਸਿਰ ਉੱਤੇ ਡੋਹਲ ਦਿੱਤਾ।** ''ਡੋਹਲ'' ਲਈ ਯੂਨਾਨੀ ਸ਼ਬਦ (*katacheo*) ਦਾ ਮੂਲ ਅਰਥ ''ਹੇਠਾਂ ਡੋਲ੍ਹਣਾ'' ਹੈ। ਮਰੀਅਮ ਨੇ ਉਸ ਦੇ ਸਿਰ ਅਤੇ ਉਸ ਦੇ ਪੈਰਾਂ ਨੂੰ ਮਸਹ ਕੀਤਾ ਹੋਵੇਗਾ, ਕਿਉਂ ਜੋ ਯੂਹੰਨਾ ਦਾ ਵਿਰਤਾਂਤ ਦੱਸਦਾ ਹੈ ਕਿ ਉਸ ਨੇ ''ਅਤਰ ਲੈ ਕੇ ਯਿਸੂ ਦੇ ਚਰਨਾ ਨੂੰ ਮਲਿਆ ਅਤੇ ਆਪਣੇ ਵਾਲਾਂ ਨਾਲ ਉਹ ਦੇ ਚਰਨ ਪੂੰਝੇ'' ਅਤੇ ਉਹ ''ਘਰ ਅਤਰ ਦੀ ਬਾਸਨਾ ਨਾਲ ਭਰ ਗਿਆ'' (ਯੂਹੰਨਾ 12:3)। ਯਹੂਦੀ ਦਾਅਵਤਾਂ ਵਿਚ ਮਹਿਮਾਨਾਂ ਦਾ ਤੇਲ ਨਾਲ ਮਸਹ ਕੀਤਾ ਜਾਣਾ ਆਮ ਗੱਲ ਸੀ (ਜ਼ਬੂਰ 23:5; ਲੂਕਾ 7:46)।

ਇਸ ਕਹਾਣੀ ਨੂੰ ਲੂਕਾ 7:36–50 ਵਾਲੀ ਕਹਾਣੀ ਨਾਲ ਨਹੀਂ ਉਲਝਾਉਣਾ ਚਾਹੀਦਾ ਜਿਸ ਵਿਚ ਇਕ ਅਨਾਮ ਪਾਪਣ ਨੇ ਯਿਸੂ ਦੇ ਪੈਰਾਂ ਨੂੰ ਮਸਹ ਕੀਤਾ ਸੀ ਅਤੇ ਆਪਣੇ ਵਾਲਾਂ ਨਾਲ ਉਨ੍ਹਾਂ ਨੂੰ ਪੂੰਝਦੀ ਹੋਈ ਉਸ ਦੇ ਪੈਰਾਂ ਤੇ ਰੋ ਰਹੀ ਸੀ। ਇਹ ਮਸਹ ਬੈਤਅਨੀਆਂ ਵਾਲੀ ਮਰੀਅਮ ਦੀ ਘਟਨਾ ਤੋਂ ਬਹੁਤ ਪਹਿਲਾਂ ਹੋਇਆ ਸੀ। ਲੂਕਾ ਵਾਲੀ ਘਟਨਾ ਸ਼ਮਾਊਨ ਦੇ ਘਰ ਵਿਚ ਗਲੀਲ ਵਿਚ ਹੋਈ ਸੀ, ਜਿਹੜਾ ਕਿ ਇਕ ਫ਼ਰੀਸੀ ਸੀ (ਲੂਕਾ 7:36)। ਉਸ ਜ਼ਮਾਨੇ ਵਿਚ ''ਸ਼ਮਊਨ'' ਆਮ ਬੰਦਿਆਂ ਦਾ ਨਾਮ ਹੁੰਦਾ ਸੀ। ਲਿਖਤ ਵਿਚ ਇਸ ਨਾਮ ਦੇ ਘੱਟੋ ਘੱਟ ਦਸ ਜਣੇ ਵਿਖਾਏ ਗਏ ਹਨ ਅਤੇ ਜੋਸ਼ੇਫ਼ਸ ਵੱਲੋਂ ਵਿਹ ਹੋਰ ਸ਼ਮਊਨਾਂ ਦਾ ਜ਼ਿਕਰ ਕੀਤਾ ਗਿਆ ਹੈ।[15] ਉਸ ਮੌਕੇ ਤੇ ਯਿਸੂ ਦੀ ਅਲੋਚਨਾ ਇਕ ਪਾਪਣ ਨੂੰ ਉਸ ਨੂੰ ਛੂਹਣ ਦੇਣ ਕਰਕੇ ਹੋਈ ਸੀ (ਲੂਕਾ 7:39)।

ਇਸ ਲਿਖਤ ਵਿਚ ਮਰੀਅਮ ਦੀ ਅਲੋਚਨਾ ਫ਼ਜ਼ੂਲ ਖਰਚੀ ਕਰਕੇ ਹੋਈ ਸੀ (26:8, 9)। ਲੂਕਾ ਦੇ ਵਿਰਤਾਂਤ ਵਾਲੀ ਪਾਪਣ ਨੂੰ ਆਖਿਆ ਗਿਆ ਸੀ, ''ਤੇਰੇ ਪਾਪ ਮਾਫ਼ ਹੋਏ ... ਤੇਰੀ ਨਿਹਚਾ ਨੇ ਤੈਨੂੰ ਬਚਾਇਆ ਹੈ, ਸ਼ਾਂਤੀ ਨਾਲ ਚਲੀ ਜਾਹ'' (ਲੂਕਾ 7:48, 50)। ਇੱਥੇ ਯਿਸੂ ਨੇ ਮਰੀਅਮ ਦੀ ਤਾਰੀਫ਼ ਕੀਤੀ ਅਤੇ ਉਸ ਦੀ ਆਲੋਚਣਾ ਕਰਨ ਵਾਲਿਆਂ ਨੂੰ ਝਿੜਕਿਆ (26:10–13)।

**ਆਇਤਾਂ 8, 9.** ਜਦ ਮਰੀਅਮ ਨੇ ਯਿਸੂ ਨੂੰ ਮਸਹ ਕੀਤਾ ਤਾਂ **ਚੇਲੇ ਖਿਝ ਗਏ।** ਕਿਉਂ ਜੋ ਉਨ੍ਹਾਂ ਦੀ ਨਜ਼ਰ ਵਿਚ ਇਹ **ਨੁਕਸਾਨ** ਦੀ ਗੱਲ ਸੀ। ''ਤਦ ਕਿੰਨੇ ਆਪਣੇ ਮਨ ਵਿਚ ਖਿਝ ਕੇ ਬੋਲੇ ਜੋ ਇਸ ਅਤਰ ਦਾ ਇਹ ਨੁਕਸਾਨ ਕਾਹ ਨੂੰ ਹੋਇਆ?'' (ਮਰਕੁਸ 14:4)। ਕਈ ਰਸੂਲ ਇਸ ਆਲੋਚਨਾ ਵਿਚ ਸ਼ਾਮਿਲ ਹੋਣਗੇ ਪਰ ਉਕਸਾਨ ਦਾ ਕੰਮ ਯਹੂਦਾ ਇਸਰਕਰਿਯੋਤੀ ਨੇ ਹੀ ਕੀਤਾ ਲਗਦਾ ਹੈ (ਯੂਹੰਨਾ 12:4)। ਉਸ ਨੇ ਆਖਿਆ, ''ਇਹ ਅਤਰ ਡੂਢ ਸੌ ਰੁਪਏ ਨੂੰ ਵੇਚ ਕੇ ਕੰਗਾਲਾਂ ਨੂੰ ਕਿਉਂ ਨਾ ਦਿੱਤਾ ਗਿਆ'' (ਯੂਹੰਨਾ 12:5)।[16] ਪਰ ਉਸ ਨੇ ਇਹ ਇਸ ਲਈ ਨਹੀਂ ਆਖਿਆ ਸੀ ਕਿ ''ਕੰਗਾਲਾਂ ਦੀ ਚਿੰਤਾ ਕਰਦਾ ਸੀ ਪਰ ਇਸ ਕਾਰਣ ਜੋ ਉਹ ਚੋਰ ਸੀ ਅਤੇ ਗੁਥਲੀ ਉਹ ਦੇ ਕੋਲ ਰਹਿੰਦੀ ਸੀ ਅਰ ਜੋ ਕੁਝ ਉਸ ਵਿਚ ਪਾਇਆ ਜਾਂਦਾ ਉਹ ਨੂੰ ਲੈ ਜਾਂਦਾ ਸੀ'' (ਯੂਹੰਨਾ 12:6)।

ਯਹੂਦਾ ਪ੍ਰਭੂ ਅਤੇ ਰਸੂਲਾਂ ਨਾਲ ਉਨ੍ਹਾਂ ਦੀ ਟੋਲੀ ਦਾ ਖਜ਼ਾਨਚੀ ਸੀ ਅਤੇ ਉਹ ਉਨ੍ਹਾਂ ਕੋਲ ਆਉਣ ਵਾਲੇ ਥੋਹੜੇ ਬਹੁਤ ਪੈਸਿਆਂ ਵਿੱਚੋਂ ਕੱਢ ਲੈਂਦਾ ਸੀ। ਇਹ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਯਹੂਦਾ ਇਕ ਲਾਲਚੀ ਆਦਮੀ ਸੀ ਜਿਸ ਨੇ ਆਪਣੀ ਦੌਲਤ ਨੂੰ ਵਧਾਉਣ ਨੂੰ ਕਿਸੇ ਵੀ ਗੱਲ ਨੂੰ ਰੁਕਾਵਟ ਨਹੀਂ ਬਣਨ ਦੇਣਾ ਸੀ। ਚੋਰੀ ਕਰਨ ਵਾਲਾ ਬੰਦਾ ਸੱਜਣ ਨਾਲ ਵਿਸ਼ਵਾਸਘਾਤ ਕਰਨ ਸਣੇ ਝੂਠ ਬੋਲਣ ਅਤੇ ਹੋਰ ਪਾਪ ਕਰ ਸਕਦਾ ਹੈ।

**ਆਇਤ 10.** ਇੱਥੇ **ਯਿਸੂ** ਰਸੂਲਾਂ ਦੇ ਆਲੋਚਨਾ ਕਰਨ ਦੇ ਕਾਰਣ ਨੂੰ **ਜਾਣ** ਗਿਆ (ਵੇਖੋ 12:15; 16:7, 8; 22:18)। ਹੋ ਸਕਦਾ ਹੈ ਕਿ ਉਸ ਨੇ ਉਸ ਨੂੰ ਇਹ ਜਾਣਕਾਰੀ ਅਲੌਕਿਕ ਰੂਪ ਵਿਚ ਹੋਵੇ ਜਾਂ ਉਸ ਨੇ ਉਨ੍ਹਾਂ ਦੀਆਂ ਗੱਲਾਂ ਸੁਣੀਆਂ ਹੋਣ (ਵੇਖੋ ਮਰਕੁਸ 14:4, 5)।

ਯਿਸੂ ਦੇ ਮਰੀਅਮ ਦੇ ਕੰਮਾਂ ਦਾ ਬਚਾਅ ਅਤੇ ਉਸ ਦੇ ਆਲੋਚਕਾਂ ਨੂੰ ਇਹ ਆਖਦਿਆਂ ਝਾੜ ਪਾਈ ਸੀ, **''ਇਸ ਤੀਵੀਂ ਨੂੰ ਕਿਉਂ ਔਖਿਆਂ ਕਰਦੇ ਹੋ? ਕਿਉਂ ਜੋ ਉਹਨੇ ਮੇਰੇ ਨਾਲ ਚੰਗਾ ਵਰਤਾਵਾ ਕੀਤਾ ਹੈ।''** ਅਨੁਵਾਦ ਹੋਏ ''ਚੰਗਾ'' ਦੇ ਯੂਨਾਨੀ ਸ਼ਬਦ *kalos* ਤੋਂ ਭਾਵ ''ਬਾਹਰੋਂ ਸੋਹਣਾ'' (ਵੇਖੋ RSV; NIV; NCV; JNT), ਪਰ ਲਗਦਾ ਹੈ ਕਿ ਇੱਥੇ ਇਸਦਾ ਸੰਕੇਤ ''ਚੰਗਾ'' ਜਾਂ ''ਭਲਾ'' ਹੈ।

**ਆਇਤ 11.** ਯਿਸੂ ਨੇ ਆਪਣੇ ਸੁਣਨ ਵਾਲਿਆਂ ਨੂੰ ਯਾਦ ਦੁਆਇਆ ਕਿ ਮਦਦ ਕਰਵਾਉਣ ਲਈ **ਕੰਗਾਲ ਤਾਂ ਸਦਾ ਤੁਹਾਡੇ ਨਾਲ ਹਨ।** ਉਹਦੇ ਮਨ ਵਿਚ ਵਿਵਸਥਾਸਾਰ 15:11 ਹੋ ਸਕਦਾ ਹੈ ਜਿੱਥੇ ਲਿਖਿਆ ਹੈ: ''ਕੰਗਾਲ ਤਾਂ ਦੇਸ ਵਿੱਚੋਂ ਬੰਦ ਨਾ ਹੋਣਗੇ ਇਸ ਕਾਰਣ ਮੈਂ ਤੁਹਾਨੂੰ ਹੁਕਮ ਦਿੰਦਾ ਹਾਂ ਕਿ ਤੁਸੀਂ ਆਪਣੀ ਮੁੱਠ ਆਪਣੇ ਭਰਾ ਵੱਲ ਜਿਹੜਾ ਤੁਹਾਡੇ ਦੇਸ ਵਿਚ ਲੋੜਵੰਦ ਅਤੇ ਕੰਗਾਲ ਹੋਵੇ ਜ਼ਰੂਰ ਖੁੱਲ੍ਹੀ ਰੱਖੋ।'' ਤਾਂ ਵੀ ਉਨ੍ਹਾਂ ਵਿਚ ਯਿਸੂ ਦਾ ਸਮਾਂ ਥੋੜ੍ਹੀ ਦੇਰ ਦਾ ਸੀ। ''[ਉਸ

ਦੇ] ਮੱਤੀ [ਮਰੀਅਮ ਦੇ] ਪ੍ਰੇਮ ਦਾ ਕਾਰਜ ਹੁਣ ਭਗਤੀ ਦੇ ਉਨ੍ਹਾਂ ਕੰਮਾਂ ਤੋਂ ਤਰਜੀਹ ਲੈ ਲੈਂਦਾ ਹੈ ਜਿਹੜੇ ਉਸ ਦੇ ਜਾਣ ਦੇ ਬਾਅਦ ਚੱਲਦੇ ਰਹਿਣੇ ਜ਼ਰੂਰੀ ਹਨ (ਤੁਲਣਾ ਮਰਕੁਸ 2:19–20)।''[17] ਯਿਸੂ ਰਸੂਲਾਂ ਦੀ ਅਲੋਚਨਾ ਕੰਗਾਲਾਂ ਲਈ ਉਨ੍ਹਾਂ ਦੀ ਚਿੰਤਾ ਕਰਕੇ ਨਹੀਂ ਕਰ ਰਿਹਾ ਸੀ। ਉਨ੍ਹਾਂ ਨੂੰ ਉਨ੍ਹਾਂ ਦੀ ਫ਼ਿਕਰ ਹੋਣੀ ਚਾਹੀਦੀ ਸੀ।

**ਆਇਤ 12.** ਯਿਸੂ ਨੇ ਅੱਗੇ ਆਖਿਆ, **''ਇਹ ਅਤਰ ਜੋ ਉਸ ਨੇ ਮੇਰੀ ਦੇਹੀ ਉੱਤੇ ਪਾਇਆ ਸੋ ਮੇਰੇ ਕਫ਼ਨਾਉਣ ਦਫ਼ਨਾਉਣ ਲਈ ਕੀਤਾ ਹੈ।''** ਯਰੂਸ਼ਲਮ ਵਿਚ ਦਫ਼ਨਾਉਣ ਵੇਲੇ ਲਾਸ਼ ਨੂੰ ਖ਼ੁਸ਼ਬੂਆਂ ਅਤੇ ਮਸਾਲਿਆਂ ਨਾਲ ਮੱਲਮਲ ਵਿਚ ਲਵੇਟਣ ਦਾ ਰਵਾਜ ਸੀ। ਯਿਸੂ ਦੇ ਮਰਨ ਦੇ ਬਾਅਦ ਉਸ ਦੀ ਦੇਹੀ ਨੂੰ ਅਰਿਮਥੇਆ ਦੇ ਯੂਸੁਫ਼ ਅਤੇ ਨਿਕੁਦੇਮੁਸ ਨੇ ਕਾਹਲੀ ਕਾਹਲੀ ਵਿਚ ਮਲਮਲ ਅਤੇ ਮਸਾਲਿਆਂ ਵਿਚ ਲਵ੍ਹੇਟ ਦਿੱਤਾ ਸੀ (ਯੂਹੰਨਾ 19:40)। ਐਤਵਾਰ ਸਵੇਰੇ ਸਵੇਰੇ ਕਬਰ ਤੇ ਆਉਣ ਵਾਲੀਆਂ ਔਰਤਾਂ ਹੋਰ ਮਸਾਲੇ ਲੈ ਕੇ ਆਈਆਂ ਸਨ ਜੋ ਸ਼ਾਇਦ ਦਫ਼ਨਾਉਣ ਲਈ ਦੇਹ ਨੂੰ ਹੋਰ ਚੰਗੀ ਤਰ੍ਹਾਂ ਨਾਲ ਤਿਆਰ ਕਰਨ ਵਾਸਤੇ ਸੀ (ਮਰਕੁਸ 16:1)। ਇਸ ਮੌਕੇ ਤੇ ਮਰੀਅਮ ਨੇ ਉਹ ਕੀਤਾ ਸੀ ਜਿਹੜਾ ਉਹ ਯਿਸੂ ਦੀ ਮੌਤ ਤੋਂ ਪਹਿਲਾਂ ਕਰ ਸਕਦੀ ਸੀ।

ਭਲਾ ਮਰੀਅਮ ਨੂੰ ਯਕੀਨ ਸੀ ਕਿ ਯਿਸੂ ਮਰਨ ਵਾਲਾ ਹੈ? ਉਸ ਨੇ ਕਈ ਮੌਕਿਆਂ ਤੇ ਆਪਣੀ ਮੌਤ ਦੀ ਨਬੂਵਤ ਕੀਤੀ ਸੀ, ਪਰ ਉਸਦੇ ਚੇਲਿਆਂ ਨੂੰ ਉਸਦੀ ਹਕੀਕਤ ਨੂੰ ਮੰਨਣ ਵਿਚ ਸਮਾਂ ਲੱਗਾ ਸੀ। ਇਹ ਹੋ ਸਕਦਾ ਹੈ ਕਿ ਉਸ ਨੂੰ ਇਸ ਸਮੇਂ ਰੂਹਾਨੀ ਮਾਮਲਿਆਂ ਵਿਚ ਰਸੂਲਾਂ ਨਾਲੋਂ ਬਹੁਤੀ ਸਮਝ ਹੋਵੇ।[18] ਇਕ ਹੋਰ ਸੰਭਾਵਨਾ ਹੈ ਕਿ ਉਸ ਨੇ ਯਿਸੂ ਦੇ ਪ੍ਰੇਮ ਦੇ ਕਾਰਜ ਨੂੰ ਉਸ ਦੇ ਨਹੀਂ ਬਲਕਿ ਆਪਣੀ ਸਮਝ ਦੇ ਅਰਥ ਵਿਚ ਦੱਸਿਆ। ਯਿਸੂ ਨੇ ਉਸ ਔਰਤ ਦਾ ਬਚਾਅ ਇਹ ਕਹਿੰਦਿਆਂ ਕੀਤਾ ਕਿ ਉਸ ਨੇ ''ਚੰਗਾ ਵਰਤਾਵਾ'' ਕੀਤਾ ਸੀ। ਰੱਬੀਆਂ ਨੇ ਕੰਗਾਲਾਂ ਵਾਸਤੇ ਮਦਦ ਲਈ ਕੰਮ ਅਤੇ ਦਫ਼ਨਾਉਣ ਲਈ ਲਾਸ਼ ਨੂੰ ਤਿਆਰ ਕਰਨ ਦੇ ਭਲਿਆਈ ਦੇ ਕੰਮਾਂ ਦਾ ਮਹੱਤਵ ਵੇਖਦੇ ਸਨ। ਦਫ਼ਨਾਉਣ ਦੀ ਤਿਆਰੀ ਨੂੰ ਵੱਧ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਕਿਉਂ ਜੋ ''ਇਹ ਦਾਨ ਦੇਣ ਵਾਂਗ ਕਿਸੇ ਵੀ ਸਮੇਂ ਨਹੀਂ ਬਲਕਿ ਇਕ ਜ਼ਰੂਰੀ ਸਮੇਂ ਤੇ ਹੀ ਹੋ ਸਕਦਾ ਸੀ ਅਤੇ ਇਸ ਵਿਚ ਪੈਸੇ ਦਾ ਗੁਪਤ ਦਾਨ ਨਹੀਂ ਬਲਕਿ ਨਿੱਜੀ ਸੇਵਾ ਸ਼ਾਮਿਲ ਸੀ।''[19]

**ਆਇਤ 13.** ਮਰੀਅਮ ਇਸ ਅਤਰ ਨੂੰ ਰੱਖ ਕੇ ਬਾਅਦ ਵਿਚ ਕਿਸੇ ਅਜ਼ੀਜ਼ ਦੀ ਦੇਹ ਤੇ ਲਾਉਣ ਲਈ ਰੱਖ ਸਕਦੀ ਸੀ, ਪਰ ਜੇ ਉਹ ਇਸ ਦੀ ਉਡੀਕ ਕਰਦੀ ਤਾਂ ਉਹ ਉਸ ਸੁਨਿਹਰੀ ਮੌਕੇ ਨੂੰ ਗੁਆ ਦਿੰਦੀ ਜਿਹੜਾ ਉਸ ਨੂੰ ਮਿਲਿਆ ਸੀ। ਉਸ ਨੇ ਇਹ ਕਿਰਪਾ ਭਰਿਆ ਕੰਮ ਕੀਤਾ ਜਿਸ ਕਰਕੇ ਯਿਸੂ ਨੇ ਆਖਿਆ ਕਿ **ਜਿੱਥੇ ਕਿਤੇ ਇਸ ਖ਼ੁਸ਼ ਖ਼ਬਰੀ ਦਾ ਪ੍ਰਚਾਰ ਹੋਵੇਗਾ ਉੱਥੇ ਉਸ ਨੂੰ ਯਾਦ ਕੀਤਾ ਜਾਵੇਗਾ।**

## #3: ਯਿਸੂ ਨੂੰ ਫੜਵਾਉਣ ਦੀ ਯਹੂਦਾ ਦੀ ਰਜ਼ਾਮੰਦੀ (26:14-16)

**14ਤਦ ਉਨ੍ਹਾਂ ਬਾਰਾਂ ਵਿੱਚੋਂ ਇਕ ਨੇ ਜਿਹ ਦਾ ਨਾਉਂ ਯਹੂਦਾ ਇਸਕਰਿਯੋਤੀ ਸੀ ਪ੍ਰਧਾਨ ਜਾਜਕਾਂ ਕੋਲ ਜਾ ਕੇ ਆਖਿਆ। 15ਜੇ ਮੈਂ ਉਹਨੂੰ ਤੁਹਾਡੇ ਹੱਥ ਫੜਵਾ ਦਿਆਂ ਤਾਂ ਮੈਨੂੰ ਕੀ ਦਿਓਗੇ? ਤਾਂ ਉਨ੍ਹਾਂ ਉਸਨੂੰ ਤੀਹ ਰੁਪਏ ਤੋਲ ਦਿੱਤੇ। 16ਅਤੇ ਉਹ ਉਸੇ ਵੇਲਿਓਂ ਉਹ ਦੇ ਫੜਵਾਉਣ ਦਾ ਦਾਉ ਲੱਭਦਾ ਸੀ।**

**ਆਇਤ 14.** ਤੀਵੀਂ (ਮਰੀਅਮ) ਜਿਸ ਨੇ ਯਿਸੂ ਨੂੰ ਮਸਹ ਕੀਤਾ ਸੀ, ਦੇ ਪਿਆਰ ਭਰੇ ਸਮਰਪਣ ਦੇ ਬਾਅਦ **ਉਨ੍ਹਾਂ ਬਾਰਾਂ ਵਿੱਚੋਂ ਇਕ** ਰਸੂਲ ਵੱਲਾਂ ਉਸ ਨੂੰ ਫੜਵਾਏ ਜਾਣ ਦੀ ਗੱਲ ਆਉਂਦੀ ਹੈ। ਇੰਜੀਲ ਦੇ ਮੱਤੀ ਦੇ ਵਿਰਤਾਂਤ ਵਿਚ **ਯਹੂਦਾ ਇਸਕਰਿਯੋਤੀ** ਦਾ ਨਾਂਅ ਸਿਰਫ਼ ਦੂਜੀ ਵਾਰ ਆਉਂਦਾ ਹੈ। ਪਹਿਲੀ ਵਾਰ 10:4 ਵਿਚ ਮਿਲਦਾ ਹੈ ਜਿੱਥੇ ਯਿਸੂ ਨੇ ਰਸੂਲਾਂ ਨੂੰ ਸੱਦਿਆ ਸੀ। ਇਸ ਆਇਤ

ਵਿਚ ''ਯਹੂਦਾ ਇਸਕਰਿਯੋਤੀ ਜਿਸ ਨੇ ਉਸ ਨੂੰ ਫੜਵਾ ਵੀ ਦਿੱਤਾ'' ਆਖਿਆ ਗਿਆ ਹੈ (ਵੇਖੋ 26:24, 25, 46, 48; 27:3)। ਕਿਸੇ ਨੂੰ ਯਾਦ ਰੱਖਣ ਦਾ ਕਿੰਨਾ ਖ਼ਤਰਨਾਕ ਤਰੀਕਾ ਹੈ।

**ਪ੍ਰਧਨ ਯਾਜਕਾਂ** ਨਾਲ ਯਹੂਦਾ ਦੀ ਮੁਲਾਕਾਤ ਮਰੀਅਮ ਦੇ ਤੋਹਫ਼ੇ ਦੀ ਪ੍ਰੇਰਣਾ ਨਾਲ ਵੀ ਹੋ ਸਕਦੀ ਹੈ। ਆਪਣੇ ਲੋਭ ਕਰਕੇ (ਯੂਹੰਨਾ 12:6) ਉਹ ਗੁੱਸੇ ਵਿਚ ਆ ਗਿਆ ਅਤੇ ਗੁੱਸੇ ਵਿਚ ਯਿਸੂ ਦੀ ਫਟਕਾਰ ਨਾ ਝੱਲ ਸਕਿਆ (26:10–13)। ਯੂਹੰਨਾ 12:4 ਸੰਕੇਤ ਦਿੰਦਾ ਹੈ ਕਿ ਯਹੂਦਾ ਮਰੀਅਮ ਦੀ ਆਲੋਚਨਾ ਕਰਨ ਵੇਲੇ *ਪਹਿਲਾਂ ਹੀ* ਯਿਸੂ ਨੂੰ ਫੜਵਾਉਣ ਵਾਲਾ ਸੀ।[20] ਫੜਵਾਉਣ ਲਈ ਯਹੂਦਾ ਦੇ ਹੋਰ ਸੰਭਾਵਿਕ ਇਰਾਦਿਆਂ ਵਿਚ ਰਾਜ ਦੀ ਯਿਸੂ ਦੀ ਧਾਰਣਾ ਨਾਲ ਉਸ ਦੀ ਅਸਹਿਮਤੀ (ਸਰੀਰਕ ਦੀ ਥਾਂ ਇਸ ਦਾ ਆਤਮਿਕ ਹੋਣਾ) ਅਤੇ ਰੋਮ ਦੇ ਖ਼ਿਲਾਫ਼ ਬਗਾਵਤ ਵਿਚ ਯਿਸੂ ਨੂੰ ਜ਼ਬਰਦਸਤੀ ਪਾਉਣ ਦੀ ਇੱਛਾ ਸ਼ਾਮਿਲ ਹੈ।

**ਆਇਤ 15.** ਇਸ ਦ੍ਰਿਸ਼ ਨੂੰ ''ਕਾਰੋਬਾਰ ਦੀ ਠੰਡੀ ਪੇਸ਼ਕਸ਼'' ਕਿਹਾ ਗਿਆ ਹੈ।[21] ਯਹੂਦਾ ਦੇ ਲਾਲਚ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਹ ਪ੍ਰਧਾਨ ਯਾਜਕਾਂ ਨੂੰ ਪੁੱਛਣ ਲਈ ਗਿਆ ਸੀ ਕਿ ਉਹ ਯਿਸੂ ਨੂੰ **ਫੜਵਾ** ਦੇਣ ਤੇ *[ਉਸ ਨੂੰ]* ਕੀ ਦੇਣਗੇ। ਯਹੂਦੀ ਆਗੂ ਤਾਂ ਯਿਸੂ ਨੂੰ ਫੜਨਾ ਹੀ ਚਾਹੁੰਦੇ ਸਨ ਅਤੇ ਉਸ ਨੂੰ ਮਰਵਾ ਦੇਣਾ ਚਾਹੁੰਦੇ ਸਨ (26:3–5), ਇਸ ਕਰਕੇ ਅਸੀਂ ਅੰਦਾਜ਼ਾ ਲਾ ਸਕਦੇ ਹਾਂ ਕਿ ਜਦ ਉਸ ਦੇ ਆਪਣਿਆਂ ਵਿੱਚੋਂ ਹੀ ਕਿਸੇ ਨੇ ਉਸ ਨੂੰ ਉਨ੍ਹਾਂ ਦੇ ਸਪੁਰਦ ਕਰ ਦੇਣ ਦੀ ਪੇਸ਼ਕਸ਼ ਕੀਤੀ ਤਾਂ ਉਹ ਕਿੰਨੇ ''ਖੁਸ਼'' ਹੋਏ ਹੋਣਗੇ (ਵੇਖੋ ਮਰਕੁਸ 14:11; ਲੂਕਾ 22:5)।

ਜਵਾਬ ਵਿਚ ਇਨ੍ਹਾਂ ਲੋਕਾਂ ਨੇ ਯਹੂਦਾ ਨੂੰ ਚਾਂਦੀ ਦੇ **ਤੀਹ ਰੁਪਏ ਤੋਲ** ਕੇ ਦੇਣ ਦੀ ਪੇਸ਼ਕਸ਼ ਕੀਤੀ। ਸ਼ਰ੍ਹਾ ਅਧੀਨ ਯਹੂਦਾ ਨੂੰ ਕੀਤੀ ਗਈ ਪੇਸ਼ਕਸ਼ ਦੀ ਰਕਮ ਕਿਸੇ ਗੁਲਾਮ ਦੀ ਕੀਮਤ ਦੇ ਬਰਾਬਰ ਸੀ ਜਿਸ ਨੂੰ ਕਿਸੇ ਜਾਨਵਰ ਨੇ ਮਾਰ ਦਿੱਤਾ ਹੋਵੇ (ਕੂਚ 21:32)। ਇਹ ਜ਼ਕਰਯਾਹ ਨਬੀ ਦੀ ਨਬੂਵਤ ਵਿਚ ਦੱਸੀ ਗਈ ਕੀਮਤ ਸੀ (ਜ਼ਕਰਯਾਹ 11:12, 13)। ਉਸ ਦੇ ਰੂਪ ਵਿਚ ਚਰਵਾਹੇ ਨੂੰ ਚਾਂਦੀ ਦੇ ਤੀਹ ਸ਼ੇਕੇਲ ਦਿੱਤੇ ਜਾਂਦੇ ਸਨ ਜਦ ਕਿ ਇੰਜੀਲ ਦੇ ਮੱਤੀ ਦੇ ਵਿਰਤਾਂਤ ਵਿਚ ਯਿਸੂ (ਚੰਗਾ ਚਰਵਾਹਾ) ਨੂੰ ਐਨੀ ਕੀਮਤ ਵਿਚ ਵੇਚਿਆ ਜਾਣਾ ਸੀ।[22] ਦੋਹਾਂ ਹੀ ਦ੍ਰਿਸ਼ਾਂ ਵਿਚ ਚਰਵਾਹੇ ਨੂੰ ਉਸ ਦੇ ਲੋਕਾਂ ਵੱਲੋਂ ਠੁਕਰਾਇਆ ਜਾਂਦਾ ਹੈ। ਜ਼ਕਰਯਾਹ ਨੇ ਨਾ ਸਿਰਫ਼ ਯਿਸੂ ਦੇ ਫੜਵਾਏ ਜਾਣ ਵਿਚ ਲੱਗਣ ਵਾਲੇ ਪੈਸੇ ਦੀ ਰਕਮ ਦੱਸੀ ਬਲਕਿ ਉਸ ਨੇ ਇਹ ਵੀ ਦੱਸਿਆ ਕਿ ਇਸ ਦੀ ਵਰਤੋਂ ਘੁਮਿਆਰ ਦਾ ਖੇਤ ਮੁੱਲ ਲੈਣ ਲਈ ਕੀਤੀ ਜਾਵੇਗੀ। ਮੱਤੀ ਨੇ ਬਾਅਦ ਵਿਚ ਇਸ ਨਬੂਵਤ ਦੇ ਪੂਰਾ ਹੋਣ ਦੀ ਗੱਲ ਕੀਤੀ ਅਤੇ ਆਖਿਆ ਕਿ ਇਸ ਨਾਪਾਕ ਪੈਸੇ ਨਾਲ ਖਰੀਦਿਆ ਗਿਆ ਘੁਮਿਆਰ ਦਾ ਖੇਤ ਪਰਦੇਸੀਆਂ ਦੀ ਕਬਰਗਾਹ ਬਣ ਗਿਆ (27:6–10)।

ਯੂਨਾਨੀ ਸ਼ਬਦ (*histemi* ਤੋਂ) **ਤੋਲ** ਕੇ ਦੀ ਵਰਤੋਂ ਜ਼ਕਰਯਾਹ 11:12 ਵਿਚ ਵੀ ਹੋਣੀ ਸੀ (LXX)।

ਛੇਵੀਂ ਸਦੀ ਈ. ਪੂ. ਵਿਚ ਜਦ ਨਬੀ ਨੇ ਲਿਖਿਆ ਸੀ ਉਸ ਵਕਤ ਮੋਹਰ ਵਾਲੇ ਸਿੱਕੇ ਨਹੀਂ ਹੁੰਦੇ ਸਨ ਜਿਨ੍ਹਾਂ ਉੱਤੇ ਉਸ ਦੀ ਕੀਮਤ ਦੀ ਗਾਰੰਟੀ ਦਿੱਤੀ ਗਈ ਹੁੰਦੀ ਸੀ, ਜਿਸ ਕਰਕੇ ਤੱਕੜੀ ਵਿਚ ਚਾਂਦੀ ਨੂੰ ਤੋਲਿਆ ਜਾਣਾ ਜ਼ਰੂਰੀ ਹੁੰਦਾ ਸੀ।[23] ਮੱਤੀ ਨੇ ਸ਼ਾਇਦ ਜ਼ਕਰਯਾਹ ਦੀ ਗੱਲ ਸੁਣਾਉਣ ਲਈ *histemi* ਸ਼ਬਦ ਦੀ ਵਰਤੋਂ ਕੀਤੀ, ਭਾਵੇਂ ਪਹਿਲੀ ਸਦੀ ਵਿਚ ਸਿੱਕੇ ਸਿਰਫ਼ ਗਿਣੇ ਜਾਂਦੇ ਸਨ। ''ਤੋਲ'' ਕੇ ਦੀ ਥਾਂ ਕਈ ਅੰਗ੍ਰਜ਼ੀ ਅਨੁਵਾਦਾਂ ਵਿਚ ''ਗਿਣਿਆ ਗਿਆ'' (TEV; NIV; NKJV) ਜਾਂ ''ਚੁਕਾਇਆ'' (NRSV; NJB; CEV) ਹੈ।

**ਆਇਤ 16.** ਇਸ ਦੇ ਬਾਅਦ ਤੋਂ ਯਹੂਦਾ ਆਪਣੇ ਸੌਦੇ ਨੂੰ ਪੂਰਾ ਕਰਨ ਅਤੇ **ਯਿਸੂ** ਨੂੰ ਉਹਦੇ ਦੁਸ਼ਮਣਾਂ ਦੇ ਸਪੁਰਦ ਕਰਨ **ਦਾ ਦਾਉ ਲੱਭਦਾ ਸੀ।** ਯਹੂਦਾ ਅਤੇ ਪ੍ਰਧਾਨ ਯਾਜਕਾਂ ਦੀ ਮੁਲਾਕਾਤ ਜ਼ਾਹਿਰ ਤੌਰ ਤੇ ਦੁੱਖ ਭੋਗਣ ਦੇ ਹਫ਼ਤੇ ਵਾਲੇ ਬੁੱਧਵਾਰ ਹੋਈ ਸੀ। ਉਹਦੇ ਲਈ ਇਹ ਮੌਕਾ ਡੇਢ ਦਿਨ ਬਾਅਦ ਆਇਆ।

~~~ **ਸਬਕ** ~~~

## "ਉਹਦੀ ਯਾਦਗਾਰੀ ਲਈ" (26:6-13)

ਬੈਅਤਅਨੀਆ ਵਿਚ ਯਿਸੂ ਦੇ ਮਸਹ ਕੀਤੇ ਜਾਣ ਦੀ ਕਹਾਣੀ ਸਾਨੂੰ ਦੱਸਦੀ ਹੈ ਕਿ ਸਿਰਫ਼ ਇੱਕੋ ਕੰਮ ਕਿਸੇ ਦੂਜੇ ਦੀ ਜ਼ਿੰਦਗੀ ਨੂੰ ਬਹੁਤ ਪ੍ਰਭਾਵਿਤ ਕਰ ਸਕਦਾ ਹੈ। ਜਿਸ ਔਰਤ ਨੇ ਯਿਸੂ ਨੂੰ ਮਸਹ ਕੀਤਾ ਸੀ, ਮੱਤੀ ਨੇ ਉਸ ਦਾ ਨਾਂਅ ਨਹੀਂ ਦੱਸਿਆ, ਪਰ ਯੂਹੰਨਾ ਉਸ ਨੂੰ ਲਾਜ਼ਰ ਦੀ ਭੈਣ ਮਰੀਅਮ ਕਹਿੰਦਾ ਹੈ (ਯੂਹੰਨਾ 12:2, 3)। ਉਸ ਦੇ ਦਯਾ ਭਰੇ ਕੰਮ ਤੇ ਪੰਜ ਮੁਲਾਂਕਣ ਕੀਤੇ ਜਾ ਸਕਦੇ ਹਨ।

1. *ਉਸ ਨੇ ਯਿਸੂ ਨੂੰ ਇਕ ਮਹਿੰਗਾ ਤੋਹਫ਼ਾ ਦਿੱਤਾ।* [ਇਸ ਅਤਰ ਦੀ ਕੀਮਤ 300 ਦੀਨਾਰ ਸੀ ਜੋ ਤਕਰੀਬਨ ਇਕ ਸਾਲ ਦੀ ਮਜ਼ਦੂਰੀ ਦੇ ਬਰਾਬਰ ਸੀ (ਮਰਕੁਸ 14:5)। ਇਹ ਕੀਮਤੀ ਤੋਹਫ਼ਾ ਸਚਮੁਚ ਵਿਚ ਇਕ ਬਹੁਤ ਵੱਡੀ ਕੁਰਬਾਨੀ ਸੀ।

2. *ਉਸ ਨੇ ਕੁਝ ਵੀ ਆਪਣੇ ਕੋਲ ਨਹੀਂ ਰੱਖਿਆ।* ਉਸ ਨੇ ਪੂਰਾ ਅਤਰ ਡੋਲ੍ਹਣ ਲਈ ਸੰਗਮਰਮਰ ਦੀ ਸ਼ੀਸ਼ੀ ਤੋੜ ਦਿੱਤੀ (ਮਰਕੁਸ 14:3)– "ਅੱਧ ਸੇਰ ਸ਼ੁੱਧ ਜਟਾਮਾਸੀ ਦਾ" (ਯੂਹੰਨਾ 12:3; NIV)।

3. *ਉਸ ਨੇ ਤੋਹਫ਼ਾ ਆਪ ਦਿੱਤਾ।* ਯਿਸੂ ਨੂੰ ਤੋਹਫ਼ਾ ਕਿਸੇ ਦੂਜੇ ਦੇ ਹੱਥ ਭੇਜਣ ਨਾਲੋਂ ਮਰੀਅਮ ਨੇ ਆਪ ਤੇਲ ਉਸ ਦੇ ਉੱਤੇ ਡੋਲ੍ਹਿਆ। ਇਹ ਬਹੁਤ ਹੀ ਨਿੱਜੀ ਸੀ।

4. *ਉਸ ਨੇ ਦੂਜਿਆਂ ਦੀ ਅਲੋਚਨਾ ਝੱਲ ਲਈ।* ਚੇਲੇ ਜਿਨ੍ਹਾਂ ਨੂੰ ਉਸ ਦੇ ਕੰਮਾਂ ਦੀ ਹਮਾਇਤ ਕਰਨੀ ਚਾਹੀਦੀ ਸੀ, ਉਸ ਨੂੰ "ਨੁਕਸਾਨ" ਵਰਗਾ ਦੱਸ ਰਹੇ ਸਨ। ਯਕੀਨਨ ਹੀ ਉਨ੍ਹਾਂ ਦੀਆਂ ਸਖ਼ਤ ਗੱਲਾਂ ਨਾਲ ਉਸ ਨੂੰ ਡੂੰਘਾ ਦੁੱਖ ਮਿਲਿਆ ਸੀ।

5. *ਯਿਸੂ ਵੱਲੋਂ ਉਸ ਦੀ ਤਾਰੀਫ਼ ਕੀਤੀ ਗਈ।* ਉਸ ਨੇ ਉਸ ਦੇ ਆਲੋਚਕਾਂ ਦਾ ਮੂੰਹ ਬੰਦ ਕਰਕੇ ਉਸਦੇ ਕੰਮਾਂ ਨੂੰ ਆਪਣੇ ਦਫ਼ਨਾਏ ਜਾਣ ਦੀ ਤਿਆਰ ਦਾ ਕੰਮ ਦੱਸਿਆ। ਇਸ ਤੋਂ ਇਲਾਵਾ ਉਸ ਨੇ ਐਲਾਨ ਕੀਤਾ ਕਿ "ਸਾਰੇ ਸੰਸਾਰ ਵਿਚ ਜਿੱਥੇ ਕਿਤੇ ਇਸ ਖ਼ੁਸ਼ ਖ਼ਬਰੀ ਦਾ ਪ੍ਰਚਾਰ ਹੋਵੇਗਾ ਉੱਥੇ ਇਹ ਵੀ ਜੋ ਉਹਨੇ ਕੀਤਾ ਹੈ ਉਹਦੀ ਯਾਦਗਾਰੀ ਲਈ ਕਿਹਾ ਜਾਵੇਗਾ" (26:13)।

ਭਲਾ ਦਿਆਲਗੀ ਦੇ ਸਾਡੇ ਕੰਮਾਂ ਲਈ ਸਾਨੂੰ ਯਾਦ ਕੀਤਾ ਜਾਵੇਗਾ?

ਡੇਵਿਡ ਸਟਿਵਰਟ

## ਯਹੂਦਾ ਇਸਕਰਿਯੋਤੀ
## (26:14-16, 20-25, 47-50)

ਯਹੂਦਾ ਇਸਕਰਿਯੋਤੀ ਦਾ ਨਾਂਅ ਬਦਨਾਮ ਹੈ। ਜਦ ਵੀ ਦੁਨੀਆਂ ਦੇ ਵੱਡੇ ਵੱਡੇ ਵਿਸ਼ਵਾਸਘਾਤੀਆਂ ਦਾ ਨਾਂਅ ਲਿਆ ਜਾਂਦਾ ਹੈ ਉਸ ਦਾ ਨਾਂਅ ਯਾਦ ਕਰਕੇ ਉਸ ਨਾਲ ਉਸ ਤੋਂ ਨਫ਼ਰਤ ਕੀਤੀ ਜਾਂਦੀ ਹੈ। ਕੋਈ ਆਪਣੇ ਬੇਟੇ ਦਾ ਨਾਂਅ ਇਹ ਨਹੀਂ ਰੱਖਣਾ ਚਾਹੇਗਾ। ਫ਼ਿਰ ਵੀ ਇਸਦਾ ਮਤਲਬ "ਵਡਿਆਈ" ਹੈ ਅਤੇ ਇਬਰਾਨੀ ਭਾਸ਼ਾ ਵਿਚ ਇਸ ਨੂੰ "ਯਹੂਦਾਹ" ਆਖਿਆ ਜਾਂਦਾ ਹੈ (ਉਤਪਤ 29:35)। ਯਹੂਦਾ ਮਸੀਹ ਦਾ ਵਿਸ਼ਵਾਸਘਾਤੀ ਕਿਵੇਂ ਬਣ ਗਿਆ? ਭਲਾ ਉਹ ਜਜ਼ਬਾਤ ਵਿਚ ਵਹਿ ਜਾਣ ਵਾਲਾ ਸਨਕੀ ਆਦਮੀ ਸੀ ਜਿਸ ਨੇ ਆਪਣੇ ਮਾਲਕ ਨੂੰ ਬਰਬਾਦੀ ਦੇ ਰਾਹ ਤੋਂ ਮੋੜਨ ਦੀ ਕੋਸ਼ਿਸ਼ ਕੀਤੀ? ਭਲਾ ਉਹ ਹਾਲਾਤ ਦਾ ਮਾਰਿਆ ਹੋਇਆ ਸੀ ਜਿਹੜੇ ਉਸ ਦੇ ਹੱਥੋ ਬਾਹਰ ਸਨ, ਖ਼ੁਦਾ ਦੇ ਉਪਾਅ ਦਾ ਇਕ ਮੋਹਰਾ ਸੀ?

ਜ਼ਿੰਦਗੀ ਦੀ ਰੋਟੀ ਤੇ ਯਿਸੂ ਦੇ ਉਪਦੇਸ਼ ਦੇ ਬਾਅਦ (ਯੂਹੰਨਾ 6:48–58), ਪਤਰਸ ਨੇ ਆਖਿਆ, "ਪ੍ਰਭੂ ਜੀ ... ਸਦੀਪਕ ਜੀਉਣ ਦੀਆਂ ਗੱਲਾਂ ਤਾਂ ਤੇਰੇ ਕੋਲ ਹਨ" (ਯੂਹੰਨਾ 6:68)। ਯਿਸੂ ਨੇ ਜਵਾਬ ਦਿੱਤਾ, "ਕੀ ਮੈਂ ਤੁਸਾਂ ਬਾਰਾਂ ਨੂੰ ਨਹੀਂ ਚੁਣਿਆ? ਅਤੇ ਤੁਹਾਡੇ ਵਿੱਚੋਂ ਇਕ ਜਣਾ
~~~

ਸ਼ੈਤਾਨ ਹੈ'' (ਯੂਹੰਨਾ 6:70)। ਯੂਹੰਨਾ ਨੇ ਸਮਝਾਇਆ ਕਿ ਉਸ ਨੇ ''ਸ਼ਮਊਨ ਇਸਕਰਿਯੋਤੀ ਦੇ ਪੁੱਤਰ ਯਹੂਦਾ ਦੇ ਵਿਖੇ ਆਖਿਆ ਕਿਉਂਕਿ ਉਹ ਉਸ ਨੂੰ ਫੜਵਾਉਣਾ ਚਾਹੁੰਦਾ ਅਤੇ ਉਨ੍ਹਾਂ ਬਾਰਾਂ ਵਿੱਚੋਂ ਇਕ ਸੀ'' (ਯੂਹੰਨਾ 6:71)। ਲਗਦਾ ਹੈ ਕਿ ਪਤਰਸ ਨੂੰ ਇਹ ਪੱਕਾ ਪਤਾ ਸੀ ਕਿ ਸਾਰੇ ਰਸੂਲਾਂ ਦਾ ਵਿਸ਼ਵਾਸ ਉਸ ਦੇ ਵਰਗਾ ਹੀ ਹੈ ਕਿ ਯਿਸੂ ''ਪਰਮੇਸ਼ੁਰ ਦਾ ਪਵਿੱਤਰ ਪੁਰਖ'' ਹੈ (ਯੂਹੰਨਾ 6:69)। ਜੇ ਯਹੂਦਾ ਮੰਨਦਾ ਸੀ ਕਿ ਯਿਸੂ ਹੀ ਮਸੀਹ ਹੈ, ਤਾਂ ਉਹ ਆਪਣੇ ਪ੍ਰਭੂ ਨੂੰ ਕਿਵੇਂ ਮਰਵਾ ਸਕਦਾ ਸੀ?

ਯਹੂਦਾ ਬਾਰੇ ਸਾਡੇ ਮਨ ਵਿਚ ਕਈ ਸਵਾਲ ਹੋਣਗੇ ਜਿਨ੍ਹਾਂ ਦਾ ਜਵਾਬ ਨਹੀਂ ਹੈ, ਪਰ ਲਿਖਤ ਵਿਚ ਉਸ ਦੀ ਜ਼ਿੰਦਗੀ ਦੇ ਕਈ ਤੱਥ ਦੱਸੇ ਗਏ ਹਨ।

ਪਹਿਲਾ, ਯਿਸੂ ਦੇ ਫੜਵਾਏ ਜਾਣ ਦੀ ਭਾਵੇਂ ਨਬੂਵਤ ਹੋਈ ਸੀ, ਪਰ ਅਸੀਂ ਜਾਣਦੇ ਹਾਂ ਕਿ ਯਹੂਦਾ ਛੁਟਕਾਰੇ ਦੀ ਖ਼ੁਦਾ ਦੀ ਯੋਜਨਾ ਵਿਚ ਆਪਣੀ ਮਰਜ਼ੀ ਦੇ ਖ਼ਿਲਾਫ਼ ਨਹੀਂ ਪਾਇਆ ਗਿਆ ਸੀ (ਜ਼ਬੂਰ 41:9; 55:12–14; ਰਸੂਲਾਂ ਦੇ ਕੰਮ 1:25)।

ਦੂਜਾ, ਯਿਸੂ ਵੱਲੋਂ ਚੁਣੇ ਜਾਣ ਵੇਲੇ ਯਹੂਦਾ ਸ਼ੈਤਾਨ ਨਹੀਂ ਸੀ, ਪਰ ਬਾਅਦ ਵਿਚ ਉਹ ਸ਼ੈਤਾਨ ਦਾ ਕੰਮ ਕਰਨ ਨੂੰ ਤਿਆਰ ਹੋ ਗਿਆ ਸੀ। ਉਸ ਨੇ ਸ਼ੈਤਾਨ ਨੂੰ ਆਪਣੀ ਜ਼ਿੰਦਗੀ ਵਿਚ ਕੰਮ ਕਰਨ ਦੀ ਇਜਾਜ਼ਤ ਦੇ ਕੇ ਆਪਣੇ ਆਪ ਨੂੰ ਲੋਭ ਅੱਗੇ ਝੁਕਾ ਦਿੱਤਾ (ਵੇਖੋ ਯੂਹੰਨਾ 13:27)।

ਤੀਜਾ, ਯਹੂਦਾ ਨੂੰ ਪ੍ਰਭੂ ਵੱਲੋਂ ਮੋਅਜਜ਼ੇ ਕਰਨ ਦੀ ਸ਼ਕਤੀ ਉਵੇਂ ਹੀ ਮਿਲੀ ਸੀ ਜਿਵੇਂ ਹੋਰਨਾਂ ਰਸੂਲਾਂ ਨੂੰ ਅਤੇ ਉਸ ਨੇ ਉਸਦੀ ਵਰਤੋਂ ਵੀ ਕੀਤੀ ਹੋਵੇਗੀ (ਲੂਕਾ 9:1, 10)। ਉਸ ਨੇ ਯਿਸੂ ਦੇ ਮੋਅਜ਼ਜੇ ਵੀ ਵੇਖੇ ਹੋਣਗੇ, ਇਸਦਾ ਮਤਲਬ ਇਹ ਹੈ ਕਿ ਉਸ ਨੂੰ ਉਸ ਦੀ ਅਸਲ ਪਛਾਣ ਤੇ ਕੋਈ ਸ਼ੱਕ ਨਹੀਂ ਸੀ। ਉਸ ਦੇ ਵੈਰੀਆਂ ਦੇ ਹੱਥ ਯਿਸੂ ਨੂੰ ਵੇਖਣ ਵੇਲੇ ਉਸ ਨੂੰ ਪਤਾ ਸੀ ਕਿ ਯਿਸੂ ਕੌਣ ਹੈ।

ਚੌਥਾ, ਯਹੂਦਾ ਦੀ ਦਿੱਕਤ ਲੋਭ ਦੀ ਸੀ। ਸਾਰੇ ਪਾਪਾਂ ਵਾਂਗ ਇਹ ਪਾਪ ਵੀ ਮਨ 'ਚੋਂ ਹੀ ਨਿੱਕਲਿਆ ਸੀ (15:19)। ਉਸ ਨੂੰ ਸੁਰਗ ਵਿਚ ਧਨ ਜਮਾਂ ਕਰਨ ਨਾਲੋਂ ਇਸ ਸੰਸਾਰ ਵਿਚ ਧਨ ਜਮਾਂ ਕਰਨ ਦੀ ਬਹੁਤੀ ਚਿੰਤਾ ਸੀ। ਮਰੀਅਮ ਉੱਤੇ ਉਸ ਦੇ ਜ਼ਬਾਨੀ ਹਮਲੇ ਦਾ ਕਾਰਣ ਉਸ ਦਾ ਆਪਣਾ ਲਾਲਚ ਹੀ ਸੀ (ਯੂਹੰਨਾ 12:4–6)। ਉਸ ਦੇ ਥੋੜ੍ਹੀ ਦੇਰ ਬਾਅਦ ਉਹ ਪ੍ਰਭੂ ਨੂੰ ਫੜਵਾਉਣ ਲਈ ਚਲਿਆ ਗਿਆ ਸੀ (26:14, 15)।

ਯਹੂਦਾ ਉਸ ਨੇ ਉਸ ਦੇ ਫੜਵਾਉਣ ਦਾ ਧਾਰਿਆ ਹੋਇਆ ਸੀ। ਉਹ ਗਥਸਮਨੀ ਵਿਚ ਭੀੜ ਨੂੰ ਲੈ ਗਿਆ ਜਿੱਥੇ ਯਿਸੂ ਉਨ੍ਹਾਂ ਨੂੰ ਮਿਲ ਗਿਆ (26:47)।

## ਯਹੂਦਾ ਤੋਂ ਗਲਤੀ ਕਿੱਥੇ ਹੋਈ
## (26:14-16, 20-25, 47-50)

ਯਹੂਦਾ ਨੇ ਆਪਣੀ ਜ਼ਿੰਦਗੀ ਵਿਚ ਕਈ ਗਲਤੀਆਂ ਕੀਤੀਆਂ ਜਿਨ੍ਹਾਂ ਤੋਂ ਸਾਨੂੰ ਬਚਣਾ ਚਾਹੀਦਾ ਹੈ:

1. ਉਸ ਨੇ ਧਨ ਵਿਚ ਆਪਣੀ ਬੇਹੱਦ ਦਿਲਚਸਪੀ ਉੱਤੇ ਕਾਬੂ ਨਹੀਂ ਪਾਇਆ।
2. ਉਸ ਨੇ ਮਸੀਹ ਦੀਆਂ ਚਿਤਾਵਨੀਆਂ ਸੁਣੀਆਂ ਸਨ ਪਰ ਉਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੱਤਾ।
3. ਉਸ ਨੇ ਮਿਲੇ ਸੁਨਹਿਰੀ ਮੌਕਿਆਂ ਦਾ ਫ਼ਾਇਦਾ ਨਹੀਂ ਚੁੱਕਿਆ।
4. ਉਸ ਨੂੰ ਆਪਣੇ ਆਲੇ ਦੁਆਲੇ ਹੋਣ ਵਾਲੀਆਂ ਘਟਨਾਵਾਂ ਦੀ ਗਹਿਰਾਈ ਦੀ ਸਮਝ ਨਹੀਂ ਸੀ।
5. ਉਸ ਨੇ ਨਿਰਾਸ਼ਾ ਅਤੇ ਸੰਦੇਹ ਨੂੰ ਆਪਣੀ ਜ਼ਿੰਦਗੀ ਉੱਤੇ ਕਾਬੂ ਪਾਉਣ ਦਿੱਤਾ।
6. ਉਸ ਨੇ ਆਪਣੇ ਆਪ ਉੱਤੇ ਅਤੇ ਦੂਜਿਆਂ ਉੱਤੇ ਛੱਡ ਦਿੱਤਾ।

ਟਿੱਪਣੀਆਂ

[1]ਯਿਸੂ ਦਾ ਮਸਹ ਕੀਤਾ ਜਾਣਾ (26:6–13) ਅਧਿਆਇ 26 ਦੀਆਂ ਹੋਰ ਘੱਟਨਾਵਾਂ ਤੋਂ ਕੁਝ ਦਿਨ ਪਹਿਲਾਂ ਹੋਇਆ। ਮੱਤੀ ਨੇ ਇਸ ਵੇਰਵੇ ਨੂੰ ਸ਼ਾਇਦ ਯਿਸੂ ਦਾ ਮਸਹ ਕਰਨ ਵਾਲੀ ਔਰਤ ਦੇ ਖੁੱਲ੍ਹੇ ਦਿਲ ਨਾਲ ਕੀਤੇ ਗਏ ਸਮਰਪਣ ਤੋਂ ਜਿਹੜਾ ਉਸ ਦੇ ਚੁਣੇ ਹੋਏ ਰਸੂਲਾਂ ਵਿੱਚੋਂ ਸੀ, ਵਿਸ਼ਵਾਸਘਾਤ ਨੂੰ ਅੱਡ ਕਰਨ ਲਈ ਆਖਿਆ (26:14–16)। [2]*ਡੋਨਲਡ ਏ. ਹੈਗਨਰ, ਮੈਥਿਊ 14–28,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਬੀ (ਡਲਾਸ: ਵਰਡ ਬੁਕਸ, 1995), 749. [3]ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਡਬਲਯੂ. ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 150. [4]ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 644. [5]ਟਾਲਮੁਡ *ਯੋਮਾ* 18ਏ; *ਯੇਬਾਮੋਥ* 61ਏ। [6]ਜੈਕ ਪੀ. ਲੂਈਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਾਰਟ 2, ਦ ਲਿਵਿੰਗ ਵਰਡ ਕਮੈਂਟਰੀ (ਆਸਟਿਨ, ਟੈਕਸਸ: ਸਵੀਟ ਪਬਲੀਸ਼ਿੰਗ ਕੰ., 1976), 141. [7]ਜੋਸੇਫ਼ਸ *ਐਂਟੀਕੁਵਿਟੀਜ਼* 18.2.1. [8]ਉਹੀ, 20.9.1. [9]ਉਹੀ, 18.2.2; 18.4.3. [10]ਉਹੀ, 18.2.2.

[11]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗਰਾਊਂਡ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 160 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' ਆਪਣੀਆਂ ਚਰਚਾਵਾਂ ਵਾਂਗ ਵਿਲਕਿੰਸ ਨੇ ਕਯਾਫ਼ਾ ਦੇ ਅਸਥੀ ਪਾਤਰ ਦੀ ਇਕ ਫ਼ੋਟੋ ਵੀ ਦਿੱਤੀ। [12]ਡਗਲਸ ਆਰ. ਏ. ਹੇਅਰ, *ਮੈਥਿਊ,* ਇੰਟਰਪ੍ਰਿਟੇਸ਼ਨ (ਲੁਈਸਵਿੱਲੇ: ਜੌਨ ਨੌਕਸ ਪ੍ਰੈੱਸ, 1993), 293; ਵੇਖੋ ਰੌਬਰਟ ਐਚ. ਮਾਉਂਸ, *ਮੈਥਿਊ,* ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ (ਪੀਬੌਡੀ, ਮੈਸਾਚੁਸੇਟਸ: ਹੈਂਡ੍ਰਿਕਸਨ ਪਬਲੀਸ਼ਰਜ਼, 1991), 238. [13]ਇਹ ਹੋ ਸਕਦਾ ਹੈ ਕਿ ਪੂਰਾ ਪਰਿਵਾਰ ਉਸੇ ਘਰ ਵਿਚ ਰਹਿੰਦਾ ਹੋਵੇ। ਇੰਜੀਲ ਦੇ ਵਿਰਤਾਂਤ ਵਿਚ ਮਾਰਥਾ ਨੂੰ ਆਪਣੇ ਘਰ ਵਿਚ ਯਿਸੂ ਲਈ ਖਾਣਾ ਦਿੰਦਿਆਂ ਵਿਖਾਇਆ ਗਿਆ ਹੈ (ਲੂਕਾ 10:38, 40)। ਇਸ ਮੌਕੇ ਤੇ ਇੰਜੀਲ ਦਾ ਯੂਹੰਨਾ ਦਾ ਵਿਰਤਾਂਤ ਸੰਕੇਤ ਦਿੰਦਾ ਹੈ ਕਿ ਮਾਰਥਾ ਸ਼ਮਊਨ ਦੇ ਘਰ ਇਹ ਖਾਣਾ ਦੇ ਰਹੀ ਸੀ (ਯੂਹੰਨਾ 12:2)। [14]ਵਿਲਕਿੰਸ, 161. [15]ਲੂਈਸ, 142. [16]ਆਪਣੀਆਂ ਚੀਜ਼ਾਂ ਵੇਚ ਕੇ ਉਸ ਤੋਂ ਮਿਲੇ ਪੈਸੇ ਗਰੀਬਾਂ ਨੂੰ ਦੇਣ ਦੀ ਗੱਲ ਅਮੀਰ ਜਵਾਨ ਹਾਕਮ ਨੂੰ ਯਿਸੂ ਦੀ ਹਦਾਇਤ ਵਿਚ ਸੁਣਾਈ ਦਿੰਦੀ ਹੈ (19:21)। [17]*ਡਿਕਸ਼ਨਰੀ ਆਫ਼ ਜੀਜ਼ਸ ਐਂਡ ਦ ਗੌਸਪਲਸ,* ਸੰਪਾ. ਜੋਏਲ ਬੀ. ਗ੍ਰੀਨ ਅਤੇ ਸਕੌਟ ਮੈਕਨਾਈਟ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਿਟੀ ਪ੍ਰੈੱਸ, 1992), 12, ਵਿਚ ਜੋਏਲ ਬੀ. ਗ੍ਰੀਨ ਐਂਡ ਹੋਲੀ ਈ. ਹੀਰਨ, ''ਅਨੌਂਇੰਟਿੰਗ।'' [18]ਉਹ ਆਪਣੇ ਭਰਾ ਲਾਜ਼ਰ ਨੂੰ ਜਿੰਦਾ ਕਰਨ ਕਰਕੇ ਵਧਦੇ ਤਨਾਅ ਨੂੰ ਵੀ ਵੇਖ ਸਕਦੀ ਹੋਵੇਗੀ (ਯੂਹੰਨਾ 12:9–11)। [19]ਹੇਅਰ, 294. [20]NASB ਵਿਚ ਇਹੀ ਵਿਚਾਰ ਦਿੱਤਾ ਗਿਆ ਹੈ। ਪਰ ਹੋਰ ਅਨੁਵਾਦ ਵਧੇਰੇ ਆਮ ਹਨ। ਉਦਾਹਰਣ ਲਈ NIV ਵਿਚ ਯਹੂਦਾ ਨੂੰ ''ਜਿਸ ਨੇ ਬਾਅਦ ਵਿਚ ਯਿਸੂ ਨਾਲ ਵਿਸ਼ਵਾਸਘਾਤ ਕਰਨਾ ਸੀ'' ਦੱਸਿਆ ਗਿਆ ਹੈ (ਯੂਹੰਨਾ 12:4)।

[21]ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀਜ਼ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1985), 363. [22]ਹੇਅਰ, 294. [23]ਜੋਏਸ ਜੀ. ਬਲਡਬਿੰਗ, *ਹੱਗਈ, ਜ਼ਕਰਾਯਾਹ, ਮਲਾਕਾਇ: ਐਨ ਇੰਟ੍ਰੋਡਕਸ਼ਨ ਐਂਡ ਕਮੈਂਟਰੀ,* ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀ (ਡਾਊਨਰਜ਼ ਗ੍ਰੋਵ, ਇਲਿਨੋਇ: ਇੰਟਰਵਰਸਟੀ ਪ੍ਰੈੱਸ, 1972), 184.